@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪੜ੍ਹਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 23 May 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 23 ਮਈ 2025, 9 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 192, qpatrika@gmail.com ਫੋਨ : 9971359517 www.qaumipatrika.org

‘ਸਿੰਦੂਰ ਮਿਟਾਉਣ ਵਾਲੇ ਮਿੱਟੀ ’ਚ ਮਿਲਾ ਦਿੱਤੇ ਗਏ’: ਪ੍ਰਧਾਨ ਮੰਤਰੀ ਮੋਦੀ

ਕੌਮੀ ਪੜ੍ਹਿਕਾ
ਸਿੰਮੀ ਕੌਰ ਬੱਬਰ

ਬੀਕਾਨੇਰ 22 ਮਈ। ‘ਆਪ੍ਰੇਸ਼ਨ ਸਿੰਦੂਰ’ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਪਹਿਲੀ ਵਾਰ ਬੀਕਾਨੇਰ ਦੇ ਇਕ ਦਿਨਾ ਦੌਰੇ ’ਤੇ ਹਨ। ਇੱਥੇ ਉਨ੍ਹਾਂ ਨੇ ਕਈ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਅਤੇ ਬੀਕਾਨੇਰ-ਮੁੰਬਈ ਐਕਸਪ੍ਰੈੱਸ ਟਰੇਨ ਨੂੰ ਹਰੀ ਝੰਡੀ ਵਿਖਾਈ। ਇੱਥੇ ਉਨ੍ਹਾਂ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਕਸਿਤ ਭਾਰਤ ਦਾ ਸਾਡਾ ਸੰਕਲਪ ਲਗਾਤਾਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ 26 ਹਜ਼ਾਰ ਕਰੋੜ ਦੀਆਂ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਅਤੇ ਇਨ੍ਹਾਂ ਪ੍ਰਾਜੈਕਟਾਂ ਲਈ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਵਧਾਈਆਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਭਾਰਤ ’ਚ ਤੇਜ਼ੀ ਨਾਲ ਹੋ ਰਹੇ ਇਨ੍ਹਾਂ ਵਿਕਾਸ ਕਾਰਜਾਂ ਨੂੰ ਦੇਖ ਕੇ ਪੂਰੀ ਦੁਨੀਆ ਹੈਰਾਨ ਹੈ। ਉਨ੍ਹਾਂ ਕਿਹਾ ਕਿ ਵੰਦੇ ਭਾਰਤ, ਅੰਮ੍ਰਿਤ ਭਾਰਤ ਤੇ ਨਮੋ ਭਾਰਤ ਦੇਸ਼ ਨੂੰ ਨਵੀਂ ਦਿਸ਼ਾ ਤੇ ਤੇਜ਼ੀ ਨਾਲ ਅੱਗੇ ਵਧਣ ਦੀ ਤਾਕਤ ਨੂੰ ਦਰਸਾਉਂਦੀਆਂ ਹਨ। ਪ੍ਰਧਾਨ ਮੰਤਰੀ ਨੇ ਇਸ ਦੌਰਾਨ ਪਹਿਲਗਾਮ ਹਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਨੇ ਧਰਮ ਪੁੱਛ ਕੇ ਸਾਡੇ ਲੋਕਾਂ ਨੂੰ ਮਾਰਿਆ ਅਤੇ ਔਰਤਾਂ ਦੇ ਸਿੰਦੂਰ ਉਜਾੜੇ। ਪੂਰਾ ਦੇਸ਼ ਦੁੱਖੀ ਹੋਇਆ। ਸਾਡੇ ਫ਼ੌਜ ਦੇ ਜਵਾਨਾਂ ਨੇ ਅੱਤਵਾਦੀਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਸਾਡੀਆਂ ਤਿੰਨਾਂ ਸੈਨਾਵਾਂ ਨੇ ਮਿਲ ਕੇ ਅਜਿਹਾ ਚਕਰਵਿਊ ਰਚਿਆ ਕਿ ਪਾਕਿਸਤਾਨ ਨੂੰ ਗੋਡੇ

ਟੇਕਣ ਲਈ ਮਜ਼ਬੂਰ ਕਰ ਦਿੱਤਾ। ਹਮਲੇ ਦਾ ਫੌਜ ਨੇ ਸਟੀਕ ਜਵਾਬ ਦਿੱਤਾ। ਫੌਜ ਨੇ 22 ਮਿੰਟ ਵਿਚ ਅੱਤਵਾਦੀਆਂ ਦੇ 9 ਟਿਕਾਣੇ ਤਬਾਹ ਕਰ ਦਿੱਤੇ। ਅੱਤਵਾਦੀਆਂ ਨੇ ਵੇਖ ਲਿਆ ਕਿ ਜਦੋਂ ਸਿੰਦੂਰ ਬਾਰੂਦ ਬਣ ਜਾਂਦਾ ਹੈ ਤਾਂ ਨਤੀਜੇ ਕੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਸ ਮਿੱਟੀ ਦੀ ਸਹੁੰ ਹੈ, ਦੇਸ਼ ਨੂੰ ਝੁੱਕਣ ਨਹੀਂ ਦੇਵਾਂਗਾ। ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਅਜੇ ਦੇਸ਼ ਵਿਚ 70 ਰੂਟਾਂ ’ਤੇ ਵੰਦੇ ਭਾਰਤ ਟਰੇਨਾਂ ਚੱਲ ਰਹੀਆਂ ਹਨ। ਦੇਸ਼ ਦੇ ਕਈ ਰੇਲਵੇ ਸਟੇਸ਼ਨ ਆਧੁਨਿਕ ਬਣ ਰਹੇ ਹਨ। ਇਸ ਲਈ ਪਿਛਲੇ 11 ਸਾਲ ਵਿਚ ਤੇਜ਼ ਰਫ਼ਤਾਰ ਨਾਲ ਕੰਮ ਕੀਤਾ ਗਿਆ ਹੈ। ਸੈਂਕੜੇ ਰੋਡ ਅਤੇ ਰੇਲ ਪ੍ਰਾਜੈਕਟ ਪੂਰੇ ਹੋਏ ਹਨ। ਆਧੁਨਿਕ ਹੋ ਰਹੇ ਇਨ੍ਹਾਂ ਰੇਲਵੇ ਸਟੇਸ਼ਨਾਂ ਨੂੰ ਦੇਸ਼ ਨੇ ਅੰਮ੍ਰਿਤ ਭਾਰਤ ਸਟੇਸ਼ਨ ਦਾ ਨਾਂ ਦਿੱਤਾ ਹੈ। ਅੱਜ ਇਨ੍ਹਾਂ ਵਿਚ 100 ਤੋਂ ਵੱਧ ਅੰਮ੍ਰਿਤ ਭਾਰਤ ਸਟੇਸ਼ਨ ਬਣ ਕੇ ਤਿਆਰ ਹਨ। ਬੀਕਾਨੇਰ ਨੂੰ ਵੀ ਇਨ੍ਹਾਂ ਨਵੀਆਂ ਨੀਤੀਆਂ ਦਾ ਲਾਭ ਮਿਲੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਓਵਰ, ਅੰਡਰਬ੍ਰਿਜ ਦਾ ਤੇਜ਼ੀ ਨਾਲ ਨਿਰਮਾਣ ਹੋ ਰਿਹਾ ਹੈ। ਪਿੰਡਾਂ ਵਿਚ ਚੰਗੀਆਂ ਸੜਕਾਂ ਬਣ ਰਹੀਆਂ ਹਨ।

ਹੁਣ ਨਹੀਂ ਹੋਵੇਗੀ ਸਿੱਧੀ ਭਰਤੀ ! ਲੈਣਾ ਪਵੇਗਾ 3 ਸਾਲ ਦਾ ਤਜਰਬਾ

ਨਵੀਂ ਦਿੱਲੀ 22 ਮਈ। ਸੁਪਰੀਮ ਕੋਰਟ ਨੇ ਕਿਹਾ ਕਿ ਸਿਵਲ ਜੱਜ ਜੂਨੀਅਰ ਡਿਵੀਜ਼ਨ ਦੇ ਅਹੁਦੇ ਲਈ ਉਮੀਦਵਾਰ ਹੁਣ ਸਿੱਧੇ ਪ੍ਰੀਖਿਆ ਪਾਸ ਕਰ ਕੇ ਨਿਯੁਕਤ ਨਹੀਂ ਹੋ ਸਕਣਗੇ ਅਤੇ ਉਨ੍ਹਾਂ ਨੂੰ ਘੱਟੋ-ਘੱਟ ਤਿੰਨ ਸਾਲ ਬਤੌਰ ਵਕੀਲ ਪ੍ਰੈਕਟਿਸ ਕਰਨਾ ਜ਼ਰੂਰੀ ਹੈ। ਇਸ ਫੈਸਲੇ ਦਾ ਨਿਆਂਇਕ ਸੇਵਾ ਦੇ ਉਮੀਦਵਾਰਾਂ ’ਤੇ ਦੂਰਗਾਮੀ ਪ੍ਰਭਾਵ ਪਵੇਗਾ। ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਆਗਸਟੀਨ ਜਾਰਜ ਕ੍ਰਾਈਸਟ ਦੀ ਬੈਂਚ ਨੇ ਭਵਿੱਖ ਦੇ ਜੱਜਾਂ ਲਈ ਅਦਾਲਤੀ ਤਜਰਬੇ ਦੀ ਮਹੱਤਤਾ ਨੂੰ ਦੁਹਰਾਇਆ। ਫੈਸਲਾ ਸੁਣਾਉਂਦੇ ਹੋਏ ਚੀਫ਼ ਜਸਟਿਸ ਨੇ ਕਿਹਾ,÷ਨਵੇਂ ਕਾਨੂੰਨ ਗ੍ਰੈਜੂਏਟਾਂ ਦੀ ਨਿਯੁਕਤੀ ਨਾਲ ਕਈ ਕਠਿਨਾਈਆਂ ਆਈਆਂ ਹਨ, ਜਿਵੇਂ ਕਿ ਕਈ ਹਾਈ ਕੋਰਟਾਂ ਨੇ ਕਿਹਾ ਹੈ। ਨਿਆਂਇਕ ਕੁਸ਼ਲਤਾ ਅਤੇ ਯੋਗਤਾ ਨੂੰ ਯਕੀਨੀ ਬਣਾਉਣ ਲਈ ਅਦਾਲਤ ’ਚ ਵਿਹਾਰਕ ਤਜਰਬਾ ਜ਼ਰੂਰੀ ਹੈ।÷ ਬੈਂਚ ਨੇ ਕਿਹਾ ਕਿ ਹੇਠਲੇ ਡਿਵੀਜ਼ਨ ਕੈਡਰ ਦੇ ਪ੍ਰਵੇਸ਼ ਪੱਧਰ ਦੇ ਸਿਵਲ ਜੱਜ ਅਹੁਦਿਆਂ ਲਈ ਨਿਆਂਇਕ ਸੇਵਾ ਪ੍ਰੀਖਿਆ ’ਚ ਸ਼ਾਮਲ ਹੋਣ ਲਈ ਘੱਟੋ-ਘੱਟ ਤਿੰਨ ਸਾਲ ਦੀ ਵਕਾਲਤ ਜ਼ਰੂਰੀ ਹੈ। ਇਹ ਫ਼ੈਸਲਾ ਆਲ ਇੰਡੀਆ ਜੱਜ ਐਸੋਸੀਏਸ਼ਨ ਵਲੋਂ ਦਾਇਰ ਪਟੀਸ਼ਨ ’ਤੇ ਆਇਆ ਹੈ।

‘ਪਹਿਲਗਾਮ’ ਨੂੰ ਲੈ ਕੇ ਭਾਰਤੀ ਮੁਸਲਮਾਨਾਂ ਦਾ ਪਾਕਿ ਵਿਰੁੱਧ ਗੁੱਸਾ !

ਨਵੀਂ ਦਿੱਲੀ 22 ਮਈ। ਪਾਕਿਸਤਾਨ ਦੇ ਪਾਲੇ ਹੋਏ ਅੱਤਵਾਦੀਆਂ ਵਲੋਂ ਪਹਿਲਗਾਮ ’ਚ 26 ਹਿੰਦੂ ਸੈਲਾਨੀਆਂ ਦੀ ਬੁਜ਼ਦਿਲਾਨਾ ਹੱਤਿਆ ਦੇ ਬਾਅਦ ਤੋਂ ਹੀ ਭਾਰਤ ਦੇ ਹਰ ਨਾਗਰਿਕ ਦਾ ਖ਼ੂਨ ਖੌਲ ਰਿਹਾ ਹੈ ਅਤੇ ਭਾਰਤੀ ਮੁਸਲਮਾਨ ਵੀ ਇਸ ’ਤੇ ਆਪਣਾ ਭਾਰੀ ਗੁੱਸਾ ਜਤਾ ਰਹੇ ਹਨ, ਜਿਨ੍ਹਾਂ ਦੀਆਂ ਕੁਝ ਉਦਾਹਰਣਾਂ ਹੇਠਾਂ ਦਰਜ ਹਨ : 24 ਅਪ੍ਰੈਲ ਨੂੰ ‘ਆਲ ਇੰਡੀਆ ਇਮਾਮ ਆਰਗੇਨਾਈਜ਼ੇਸ਼ਨ’ ਦੇ ਮੁਖੀ ‘ਇਮਾਮ ਉਮਰ ਅਹਿਮਦ ਇਲੀਆਸੀ’ ਨੇ ਮੰਗ ਕੀਤੀ ਕਿ “ਕਿਸੇ ਵੀ ਅੱਤਵਾਦੀ ਨੂੰ ਭਾਰਤੀ ਧਰਤੀ ’ਤੇ ਦਫਨਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।” 29 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਕਿਹਾ, “ਜੰਮੂ-ਕਸ਼ਮੀਰ ਦੇ ਇਤਿਹਾਸ ’ਚ ਪਹਿਲੀ ਵਾਰ ਅਜਿਹਾ ਹੋਇਆ ਹੈ ?ਕ ਹਾਲ ਦੇ ਅੱਤਵਾਦੀ ਹਮਲੇ ਦੇ ਬਾਅਦ ਕਸ਼ਮੀਰ ਦੇ ਮੁਸਲਮਾਨਾਂ ਨੇ ਸੜਕਾਂ ’ਤੇ ਉਤਰ ਕੇ ਅੱਤਵਾਦ ਦੇ ਵਿਰੁੱਧ ਹੱਲਾ ਬੋਲਿਆ ਹੈ। ਇਹ ਪਾਕਿਸਤਾਨ ਦੇ ਲਈ ਇਕ ਵੱਡਾ ਜਵਾਬ ਹੈ। ਪਾਕਿਸਤਾਨ ਅਤੇ ਅੱਤਵਾਦ ਦੇ ਵਿਰੁੱਧ ਅਜਿਹੀ ਕਾਰਵਾਈ ਹੋਣੀ ਚਾਹੀਦੀ ਹੈ ਕਿ ਦੁਸ਼ਮਣ ਦਾ

ਨੁਕਸਾਨ ਹੋਵੇ ਪਰ ਭਾਰਤ ਨੂੰ ਕੋਈ ਨੁਕਸਾਨ ਨਾ ਪਹੁੰਚੇ। 7 ਮਈ ਨੂੰ ‘ਆਲ ਇੰਡੀਆ ਮੁਸਲਿਮ ਜਮਾਤ’ ਦੇ ਰਾਸ਼ਟਰੀ ਪ੍ਰਧਾਨ ‘ਮੌਲਾਨਾ ਸ਼ਹਾਬੁਦੀਨ ਰਜਵੀ’ ਨੇ ਪਾਕਿਸਤਾਨ ’ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਾਇਆ ਅਤੇ ਭਾਰਤੀ ਫੌਜ ਕਾਰਵਾਈ ਨੂੰ ਇਨ੍ਹਾਂ ਖਤਰਿਆਂ ਨੂੰ ਖਤਮ ਕਰਨ ਲਈ ਅਤਿਅੰਤ ਜ਼ਰੂਰੀ ਦੱਸਿਆ। 8 ਮਈ ਨੂੰ ‘ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ’ ਦੇ ਨੇਤਾ ਅਤੇ ਸੰਸਦ ਮੈਂਬਰ ‘ਅਸਦੁਦੀਨ ਓਵੈਸੀ’ ਨੇ ‘ਪਾਕਿਸਤਾਨ ਮੁਰਦਾਬਾਦ ਅਤੇ ਭਾਰਤ ਜ਼ਿੰਦਾਬਾਦ’ ਦੇ ਨਾਅਰੇ ਲਗਾਉਂਦੇ ਹੋਏ ਕਿਹਾ ਕਿ “ ਬਹੁਤ ਦਿਨਾਂ ਤੋਂ ਪਾਕਿਸਤਾਨ ’ਚ ਜੋ ਅੱਤਵਾਦੀ ਢਾਂਚਾ ਹੈ, ਉਸ ਨੂੰ ਨੇਸਤਨਾਬੂਦ (ਤਬਾਹ) ਕਰਨਾ ਜ਼ਰੂਰੀ ਸੀ।” “ਜੋ ਵੀ ਅੱਖਾਂ ਅਤੇ ਜੋ ਵੀ ਤਾਕਤਾਂ ਸਾਡੀ ਸਰਹੱਦ ਦੇ ਇਸ ਪਾਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨਗੀਆਂ ਉਨ੍ਹਾਂ ਤਾਕਤਾਂ ਨੂੰ ਨੇਸਤਨਾਬੂਦ ਕਰਨਾ ਅਤੇ ਉਨ੍ਹਾਂ ਅੱਖਾਂ ਨੂੰ ਨੋਚਣਾ ਜ਼ਰੂਰੀ ਹੈ। ਪਾਕਿਸਤਾਨ ਦੀ ਫੌਜ ਲਗਾਤਾਰ ਭਾਰਤ ਦੇ ਵਿਰੁੱਧ ਸਾਜ਼ਿਸ਼ ਕਰਦੀ ਰਹੀ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਪਾਕਿਸਤਾਨ ਸਰਕਾਰ ਨੂੰ ਅਜਿਹਾ ਸਖਤ ਸਬਕ ਦਿੱਤਾ ਜਾਣਾ ਚਾਹੀਦਾ ਹੈ ਕਿ ਫਿਰ ਕਦੇ ਦੂਜਾ ਪਹਿਲਗਾਮ ਨਾ ਹੋਵੇ।” 9 ਮਈ ਨੂੰ ‘ਜ਼ਮੀਅਤ ਓਲੇਮਾ-ਏ-ਹਿੰਦ’ ਦੇ ਪ੍ਰਧਾਨ ‘ਮੌਲਾਨਾ ਮਹਿਮੂਦ ਮਦਨੀ’ ਨੇ ਕਿਹਾ, “ਹਾਂ ਜਵਾਬ ਦੇ ਦਿੱਤਾ ?ਗਆ ਹੈ। ਭਾਰਤ ਸਾਡਾ ਦੇਸ਼ ਹੈ ਅਤੇ ਇਸ ਦੀ ਰੱਖਿਆ ਕਰਨਾ ਸਾਡਾ ਕੌਮੀ ਅਤੇ ਸੰਵਿਧਾਨਿਕ ਫਰਜ਼ ਦੋਵੇਂ ਹਨ... ਅਜਿਹੇ ਸਮੇਂ ’ਚ ਜਦ ਸਾਡੀਆਂ ਸਰਹੱਦਾਂ ਨੂੰ ਖਤਰਾ ਹੈ, ਅਸੀਂ ਆਪਣੇ ਬਹਾਦੁਰ ਫੌਜੀਆਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਖੜ੍ਹੇ ਹਾਂ।” “ਜੇਕਰ ਪਾਕਿਸਤਾਨ ਜੰਗ ਥੋਪਦਾ ਹੈ, ਤਾਂ ਅਸੀਂ ਸਪੱਸ਼ਟ ਸ਼ਬਦਾਂ ’ਚ ਕਹਿਣਾ ਚਾਹੁੰਦੇ ਹਾਂ ਕਿ ਪੂਰਾ ਦੇਸ਼-ਸਾਰੇ ਧਰਮਾਂ ਦੇ ਲੋਕ, ਭਾਰਤੀ ਹਥਿਆਰਬੰਦ ਬਲਾਂ ਦੇ ਨਾਲ ਖੜ੍ਹੇ ਰਹਿਣਗੇ।

ਜੁਲਾਈ ਦੇ ਅਖ਼ੀਰ ਜਾਂ ਅਗਸਤ ਦੀ ਸ਼ੁਰੂਆਤ ’ਚ ਸ਼ੁਰੂ ਹੋਵੇਗਾ ਪਾਣੀਆਂ ਲਈ ਪੱਕਾ ਮੋਰਚਾ

ਚੰਡੀਗੜ੍ਹ 22 ਮਈ। ਸੀਨੀਅਰ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਜੁਲਾਈ ਦੇ ਅਖ਼ੀਰ ਜਾਂ ਅਗਸਤ ਮਹੀਨੇ ਦੀ ਸ਼ੁਰੂਆਤ ’ਚ ਐੱਸ. ਕੇ. ਐੱਮ. ਭਾਰਤ ਵੱਲੋਂ ਸੂਬੇ ਦੇ ਪਾਣੀਆਂ ਨੂੰ ਬਚਾਉਣ ਲਈ ਪੱਕੇ ਮੋਰਚੇ ਦੀ ਸ਼ੁਰੂਆਤ ਦਾ ਐਲਾਨ ਕੀਤਾ ਗਿਆ ਹੈ। ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਵੱਲੋਂ ਇਸ ਮੋਰਚੇ ਦੇ ਨਾਲ-ਨਾਲ ਇਕ ਅਹਿਮ ਲੜਾਈ ਸੂਬੇ ਦੇ ਸਹਿਕਾਰਤਾ ਢਾਂਚੇ ਨੂੰ ਬਚਾਉਣ ਲਈ ਵੀ ਲੜੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਕਤ ਵਪਾਰ ਸਮਝੌਤੇ ਵਰਗੀਆਂ ਨੀਤੀਆਂ ਰਾਹੀਆਂ ਪੰਜਾਬ ਤੇ ਦੇਸ਼ ਦੇ ਅਰਥਚਾਰੇ ਨੂੰ ਵੱਡੇ ਪੂੰਜੀਪਤੀ ਵਰਗ ਵੱਲੋਂ ਗ਼ਬਨ ਕਰਨ ਦਾ ਖ਼ਤਰਾ ਹੈ। ਇਹ ਸਾਰੇ ਮੁੱਦੇ ਉਨ੍ਹਾਂ ਵੱਲੋਂ ਲਾਏ ਜਾਣ ਵਾਲੇ ਮੋਰਚੇ ਦਾ ਅਹਿਮ ਹਿੱਸਾ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੀ ਸਰਕਾਰ ਤੇ ਅਫ਼ਸਰ ਸਹਿਕਾਰਤਾ ਨੂੰ ਬਚਾਉਣ ਲਈ ਕੋਈ ਕਾਰਜ ਨਹੀਂ ਕਰ ਰਹੇ। ਸਹਿਕਾਰੀ ਖੰਡ ਮਿੱਲਾਂ, ਸਹਿਕਾਰੀ ਬੈਂਕ, ਸਹਿਕਾਰੀ ਮਿਲਕ ਪਲਾਂਟ, ਸਹਿਕਾਰੀ ਮਾਰਕਫੈੱਡ ਸਣੇ ਸਹਿਕਾਰਤਾ ਦੇ ਹਰ ਵਿੰਗ ’ਚ ਵੱਡੀ ਲੁੱਟ ਮਚੀ ਹੋਈ ਹੈ, ਜਿਸ ਨਾਲ ਸੂਬੇ ਦਾ ਸਹਿਕਾਰਤਾ ਢਾਚਾ ਪੂਰੀ ਤਰ੍ਹਾਂ ਬਰਬਾਦ ਹੋ ਰਿਹਾ ਹੈ। ਇਸ ਲਈ ਸਰਕਾਰ ਤੇ ਸਹਿਕਾਰਤਾ ਲਈ ਜ਼ਿੰਮੇਵਾਰ ਅਫ਼ਸਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਕੇਂਦਰ ਦਾ ਇਕ ਹੋਰ ‘ਪੰਜਾਬ ਵਿਰੋਧੀ’ ਫ਼ੈਸਲਾ ! ਨਹੀਂ ਹੋਣ ਦਿਆਂਗੇ ਲਾਗੂ: ਮੁੱਖ ਮੰਤਰੀ ਮਾਨ

ਏਜੰਸੀਆਂ

ਸੰਗਰੂਰ 22 ਮਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਡੈਮ ਬਾਰੇ ਜਾਰੀ ਕੀਤੇ ਗਏ ਨਵੇਂ ਫ਼ਰਮਾਨ ਦਾ ਡਟਵਾਂ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ ਨੂੰ ਵੀ ਇਸ ਫ਼ੈਸਲੇ ਬਾਰੇ ਸਵਾਲ ਪੁੱਛਿਆ ਹੈ ਕਿ ਉਹ ਹੁਣ ਪੰਜਾਬ ਦੇ ਨਾਲ ਖੜ੍ਹੇ ਹਨ ਜਾਂ ਫ਼?ਰ ਕੇਂਦਰ ਦੇ ਇਸ ਫ਼ੈਸਲੇ ਦੇ ਹੱਕ ਵਿਚ? ਸੰਗਰੂਰ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ 3$ ਮਾਨ ਨੇ ਕਿਹਾ ਕਿ ਬੀਤੇ ਕੱਲ੍ਹ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਕ ਚਿੱਠੀ ਕੱਢੀ ਗਈ ਹੈ ਕਿ ਭਾਖੜਾ ਵਿਖੇ BIF CISF ਦੇ ਜਵਾਨ ਤਾਇਨਾਤ ਕੀਤੇ ਜਾਣਗੇ। ਹੋਰ ਤਾਂ ਹੋਰ ਕੇਂਦਰ ਵੱਲੋਂ ਇਸ ਦਾ ਖ਼ਰਚਾ ਵੀ ਪੰਜਾਬ ਸਿਰ ਮੜ੍ਹਿ ਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚਿੱਠੀ ਵਿਚ ਲਿਖਿਆ ਹੈ ਕਿ ਇਕ ਜਵਾਨ ਦਾ ਸਾਲ ਭਰ ਦਾ ਖ਼ਰਚਾ 2 ਲੱਖ 90 ਹਜ਼ਾਰ 100 ਰੁਪਏ ਹੈ ਤੇ ਇਸ ਲਈ ਪੰਜਾਬ ਸਰਕਾਰ ਜਾਂ 8 ਕਰੋੜ 58 ਲੱਖ 9 ਹਜ਼ਾਰ 600 ਰੁਪਏ ਜਵਾਨਾਂ ਦੀ ਤਾਇਨਾਤੀ ਵਾਸਤੇ ਦੇਵੇ। CM ਮਾਨ ਨੇ ਕਿਹਾ ਕਿ ਭਾਖੜਾ ’ਤੇ ਪਹਿਲਾਂ ਵੀ ਕੋਈ ਫ਼ੋਰਸ ਤਾਇਨਾਤ ਨਹੀਂ ਸੀ, ਹੁਣ ਜਦੋਂ ਪਿੱਛੇ ਜਿਹੀ ਵੱਲੋਂ ਧੱਕੇ ਨਾਲ ਹਰਿਆਣਾ ਨੂੰ ਪਾਣੀ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉੱਥੇ ਕਾਫ਼ੀ ਲੋਕ ਇਕੱਠੇ ਹੋ ਗਏ ਸਨ, ਜਿਸ ਕਰਕੇ ਉੱਥੇ ਪੰਜਾਬ ਪੁਲਸ ਦੀ ਤਾਇਨਾਤੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਦ ਪੰਜਾਬ ਪੁਲਸ ਇਹ ਕੰਮ ਮੁਫ਼ਤ ਵਿਚ ਕਰ ਰਹੀ ਹੈ ਤਾਂ ਜਵਾਨਾਂ ਦੀ ਤਾਇਨਾਤੀ ਦੀ ਜ਼ਰੂਰਤ ਕਿਉਂ ਹੈ ਤੇ ਪੰਜਾਬ ਜਾਂ BBMB ਉਸ ਦੇ ਪੈਸੇ ਕਿਉਂ ਦੇਵੇ। ਉਨ੍ਹਾਂ ਕਿਹਾ ਕਿ ਉਹ ਪਰਸੋਂ ਨੀਤੀ ਆਯੋਗ ਦੀ ਮੀਟਿੰਗ ਵਿਚ ਵਿਚ ਵੀ ਇਹ ਮੁੱਦਾ ਚੁੱਕਣਗੇ ਤੇ ਇਸ ਦਾ ਡਟ ਕੇ ਵਿਰੋਧ ਵੀ ਕਰਨਗੇ। ਮਾਨ ਨੇ ਪੁੱਛਿਆ ਕਿ ਆਖ਼?ਰ ਜਵਾਨਾਂ ਦੀ ਤਾਇਨਤੀ ਦੀ ਜ਼ਰੂਰਤ ਕੀ ਹੈ? ਹੁਣ ਤਾਂ ਸਾਰੇ ਸੂਬਿਆਂ ਨੂੰ ਹੀ ਆਪੋ-ਆਪਣੇ ਕੋਟੇ ਦਾ ਪਾਣੀ ਮਿਲ ਰਿਹਾ ਹੈ, ਤਾਂ ਕੀ ਭਾਜਪਾ ਵਾਲੇ ਅਗਲੇ ਸਾਲ ਦੀ ਚੋਰੀ ਲਈ

ਤਿਆਰੀ ਕਰ ਰਹੇ ਹਨ? ਉਨ੍ਹਾਂ ਕਿਹਾ ਕਿ ਇਹ ਬਿਲਕੁੱਲ ਨਹੀਂ ਹੋਵੇਗਾ ਕਿ ਅਸੀਂ ਪਾਣੀ ਵੀ ਲੁਟਾਈਏ ਤੇ ਪੈਸੇ ਵੀ ਦਈਏ। ਉਨ੍ਹਾਂ ਸਪਸ਼ਟ ਤੌਰ ’ਤੇ ਕਿਹਾ ਕਿ ਨਾ ਤਾਂ ਅਸੀਂ ਪਾਣੀ ਦੀ ਬੂੰਦ ਫ਼ਾਲਤੂ ਦੇਣੀ ਹੈ ਤੇ ਨਾ ਹੀ ਇਸ ਕੰਮ ਲਈ ਕੋਈ ਪੈਸਾ ਦੇਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਚੋਣਾਂ ’ਚ ਪੰਜਾਬ ਪੁਲਸ ਦੀ ਡਿਊਟੀ ਲਗਾਈ ਜਾਂਦੀ ਹੈ ਤਾਂ ਕੇਂਦਰ ਉਸ ਦੇ ਪੈਸੇ ਕਿਉਂ ਨਹੀਂ ਦਿੰਦੀ। ਉਨ੍ਹਾਂ ਸਾਫ਼ ਕੀਤਾ ਕਿ ਜੇ ਅਸੀਂ ਦੇਸ਼ ਦੀ ਸਰਹੱਦ ਦੀ ਰਾਖੀ ਕਰ ਸਕਦੇ ਹਾਂ ਤਾਂ ਡੈਮ ਦੀ ਵੀ ਕਰ ਸਕਦੇ ਹਾਂ। ਮੁੱਖ ਮੰਤਰੀ ਮਾਨ ਨੇ ਕੇਂਦ

ਤਸਕਰਾਂ ਨਾਲ ਹੋਏ ਮੁਕਾਬਲੇ 'ਚ ਹੈੱਡ ਕਾਂਸਟੇਬਲ ਨੇ ਗੁਆਈ ਜਾਨ

ਜੌਨਪੁਰ/ਲਖਨਊ 22 ਮਈ। ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ 'ਚ ਗਊ ਤਸਕਰਾਂ ਦੇ ਪਿਕ-ਅੱਪ ਵਾਹਨ ਨਾਲ ਕੁਚਲੇ ਜਾਣ ਕਾਰਨ ਇੱਕ ਹੈੱਡ ਕਾਂਸਟੇਬਲ ਦੀ ਮੌਤ ਤੋਂ ਬਾਅਦ ਪੁਲਸ ਨੇ ਇਕ ਮੁਕਾਬਲੇ 'ਚ ਇਕ ਗਊ ਤਸਕਰ ਨੂੰ ਮਾਰ ਦਿੱਤਾ ਜਦੋਂ ਕਿ ਉਸ ਦੇ ਦੋ ਸਾਥੀਆਂ ਦੀਆਂ ਲੱਤਾਂ 'ਚ ਗੋਲੀਆਂ ਲੱਗੀਆਂ। ਇਕ ਉੱਚ ਪੁਲਸ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉੱਤਰ ਪ੍ਰਦੇਸ਼ ਦੇ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਪ੍ਰਸ਼ਾਂਤ ਕੁਮਾਰ ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਜੌਨਪੁਰ ਜ਼ਿਲ੍ਹੇ 'ਚ ਚਲਾਈ ਜਾ ਰਹੀ ਮੁਹਿੰਮ ਦੇ ਹਿੱਸੇ ਵਜੋਂ, ਚੰਦਵਕ ਪੁਲਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ (ਐੱਸਐੱਚਓ) ਸੱਤਿਆ ਪ੍ਰਕਾਸ਼ ਸਿੰਘ ਸ਼ਨੀਵਾਰ ਰਾਤ ਲਗਭਗ 11:50 ਵਜੇ ਆਜ਼ਮਗੜ੍ਹ-ਵਾਰਾਣਸੀ ਸੜਕ 'ਤੇ ਪੁਲਸ ਮੁਲਾਜ਼ਮਾਂ ਨਾਲ ਯਾਤਰਾ ਕਰ ਰਹੇ ਸਨ ਜਦੋਂ ਕਈ ਗਊ ਤਸਕਰ ਇਕ ਪਿਕਅੱਪ 'ਚ ਵਾਰਾਣਸੀ ਵੱਲ ਜਾ ਰਹੇ ਸਨ। ਕੁਮਾਰ ਨੇ ਕਿਹਾ ਕਿ ਜਦੋਂ ਪੁਲਸ ਫੋਰਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਆਪਣੀ ਗੱਡੀ ਪੁਲਸ 'ਤੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਪਿਕਅੱਪ ਗੱਡੀ 'ਚ ਸਵਾਰ ਲੋਕ ਹੈੱਡ ਕਾਂਸਟੇਬਲ ਦੁਰਗੇਸ਼ ਕੁਮਾਰ ਸਿੰਘ ਨੂੰ ਟੱਕਰ ਮਾਰਦੇ ਹੋਏ ਵਾਰਾਣਸੀ ਵੱਲ ਭੱਜਣ ਲੱਗੇ। ਬਿਆਨ ਅਨੁਸਾਰ, ਇਸ ਘਟਨਾ ਤੋਂ ਬਾਅਦ ਪੁਲਸ ਫੋਰਸ ਸਰਗਰਮ ਹੋ ਗਈ ਅਤੇ ਜ਼ਿਲ੍ਹੇ ਦੀ ਐੱਸਓਜੀ ਟੀਮ ਨੇ ਪਿਕਅੱਪ ਦਾ ਪਿੱਛਾ ਕੀਤਾ। ਬਿਆਨ 'ਚ ਕਿਹਾ ਗਿਆ ਹੈ ਕਿ ਇਸ ਦੌਰਾਨ, ਗੰਭੀਰ ਜ਼ਖਮੀ ਹੈੱਡ ਕਾਂਸਟੇਬਲ ਨੂੰ

ਵਾਰਾਣਸੀ ਟਰਾਮਾ ਸੈਂਟਰ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਮਾਮਲੇ 'ਚ ਪੁਲਸ ਨੇ ਚੰਦਵਕ ਥਾਣੇ 'ਚ ਪਿਕਅੱਪ ਗੱਡੀ ਅਤੇ ਅਣਪਛਾਤੇ ਡਰਾਈਵਰ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ, ਪੁਲਸ ਪਿਕਅੱਪ ਅਤੇ ਗਊ ਤਸਕਰਾਂ ਦੀ ਭਾਲ 'ਚ ਵਾਰਾਣਸੀ ਦੇ ਚੋਲਾਪੁਰ ਪੁਲਸ ਸਟੇਸ਼ਨ ਅਧੀਨ ਆਉਂਦੇ ਤਾਲਾ ਬੇਲਾ ਪਿੰਡ ਪਹੁੰਚੀ, ਜਿੱਥੇ ਗਊ ਤਸਕਰ ਪਿਕਅੱਪ ਗੱਡੀ ਨੂੰ ਛੱਡ ਕੇ 2 ਮੋਟਰਸਾਈਕਲਾਂ 'ਤੇ ਚੰਦਵਕ ਵੱਲ ਭੱਜਣ ਲੱਗੇ। ਪੁਲਸ ਅਨੁਸਾਰ ਮੋਟਰਸਾਈਕਲ 'ਤੇ ਬੈਠੇ ਗਊ ਤਸਕਰਾਂ ਨੇ ਚੰਦਵਕ ਪੁਲਸ ਸਟੇਸ਼ਨ ਦੀ ਟੀਮ 'ਤੇ ਉਨ੍ਹਾਂ ਨੂੰ ਮਾਰਨ ਦੇ ਇਰਾਦੇ ਨਾਲ ਗੋਲੀਬਾਰੀ ਕੀਤੀ, ਇਸ ਲਈ ਪੁਲਸ ਟੀਮ ਨੇ ਵੀ ਸਵੈ-ਰੱਖਿਆ 'ਚ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਸ ਨੇ ਦੱਸਿਆ ਕਿ ਇਸ ਦੌਰਾਨ ਜੌਨਪੁਰ ਦੇ ਮਥੁਰਾਪੁਰ ਕੋਟਵਾ ਦੇ ਰਹਿਣ ਵਾਲੇ ਸਲਮਾਨ ਨੂੰ ਛਾਤੀ 'ਚ ਗੋਲੀ ਲੱਗਣ ਤੋਂ ਬਾਅਦ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਲਿਜਾਇਆ ਗਿਆ। ਹਾਲਾਂਕਿ, ਪੁਲਸ ਅਨੁਸਾਰ, ਸੀਐੱਚਸੀ ਦੇ ਡਾਕਟਰਾਂ ਨੇ ਉਸ ਨੂੰ ਬਿਹਤਰ ਇਲਾਜ ਲਈ ਜੌਨਪੁਰ ਜ਼ਿਲ੍ਹਾ ਹਸਪਤਾਲ ਭੇਜਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਕਾਰਵਾਈ 'ਚ ਸਲਮਾਨ ਤੋਂ ਇਲਾਵਾ, ਵਾਰਾਣਸੀ ਦੇ ਚੌਬੇਪੁਰ ਨਿਵਾਸੀ ਨਰਿੰਦਰ ਯਾਦਵ ਅਤੇ ਤਾਡੀਆ ਨਿਵਾਸੀ ਗੋਲੂ ਯਾਦਵ ਦੀਆਂ ਲੱਤਾਂ 'ਚ ਗੋਲੀਆਂ ਲੱਗੀਆਂ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਨੇ ਦੱਸਿਆ ਕਿ ਦੂਜ ਮੋਟਰਸਾਈਕਲਾਂ 'ਤੇ ਸਵਾਰ ਰਾਹੁਲ ਯਾਦਵ, ਰਾਜੂ ਯਾਦਵ ਅਤੇ ਆਜ਼ਾਦ ਯਾਦਵ ਫਰਾਰ ਹੋ ਗਏ। ਪੁਲਸ ਫਰਾਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।

ਆਬਕਾਰੀ ਵਿਭਾਗ ਦੀ ਟੀਮ ਨੇ 24 ਪੇਟੀਆਂ ਨਾਜਾਇਜ਼ ਸ਼ਰਾਬ ਸਣੇ ਮੁਲਜ਼ਮ ਕੀਤਾ ਗ੍ਰਿਫ਼ਤਾਰ

ਲੁਧਿਆਣਾ 22 ਮਈ। ਆਬਕਾਰੀ ਵਿਭਾਗ ਅਤੇ ਪੁਲਸ ਟੀਮ ਨੇ ਅੱਜ ਥਾਣਾ ਮੇਹਰਬਾਨ ਅਧੀਨ ਆਉਂਦੇ ਕਡਿਆਣਾ ਖੁਰਦ ਵਿੱਚ ਗੈਰ-ਕਾਨੂੰਨੀ ਸ਼ਰਾਬ ਵੇਚਣ ਵਾਲੇ ਇੱਕ ਸ਼ਰਾਬ ਸਮੱਗਲਰ ਨੂੰ ਗ੍ਰਿਫ਼ਤਾਰ ਕੀਤਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਇੰਚਾਰਜ ਇੰਸਪੈਕਟਰ ਪਰਮਦੀਪ ਸਿੰਘ ਨੇ ਦੱਸਿਆ ਕਿ ਅੱਜ ਥਾਣਾ ਮੇਹਰਬਾਨ ਅਧੀਨ ਪੈਂਦੇ ਪਿੰਡ ਕਡਿਆਣਾ ਖੁਰਦ ਵਿੱਚ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਕੋਲੋਂ ਪੁਲਸ ਅਤੇ ਆਬਕਾਰੀ ਵਿਭਾਗ ਦੀ ਟੀਮ ਨੇ 24 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀਆਂ ਹਨ। ਥਾਣਾ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਦੋਸ਼ੀ ਦੀ ਪਛਾਣ ਬਜਿੰਦਰ ਸਿੰਘ ਵਜੋਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਆਬਕਾਰੀ ਵਿਭਾਗ ਦੇ ਇੰਸਪੈਕਟਰ ਅਮਿਤ ਗੋਇਲ ਦੀ ਟੀਮ ਨੂੰ ਕਿਸੇ ਖਾਸ ਮੁਖਬਰ ਵੱਲੋਂ ਸੂਚਨਾ ਮਿਲੀ ਕਿ ਦੋਸ਼ੀ ਬਜਿੰਦਰ ਸਿੰਘ ਇਸ ਇਲਾਕੇ ਵਿੱਚ ਨਾਜਾਇਜ਼ ਸ਼ਰਾਬ ਦਾ

ਕਾਰੋਬਾਰ ਕਰ ਰਿਹਾ ਹੈ, ਜਿਸ ਤੋਂ ਬਾਅਦ ਆਬਕਾਰੀ ਵਿਭਾਗ ਨੇ ਪੁਲਸ ਟੀਮ ਨਾਲ ਮਿਲ ਕੇ ਪਿੰਡ ਕਡਿਆਣਾ ਖੁਰਦ ਵਿੱਚ ਛਾਪਾ ਮਾਰਿਆ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਇੰਚਾਰਜ ਨੇ ਦੱਸਿਆ ਕਿ ਮੁਲਜ਼ਮਾਂ ਖ਼?ਲਾਫ਼ ਆਬਕਾਰੀ ਐਕਟ ਤਹਿਤ ਥਾਣਾ ਮੇਹਰਬਾਨ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਇਹ ਗੈਰ-ਕਾਨੂੰਨੀ ਸ਼ਰਾਬ ਕਿੱਥੋਂ ਲਿਆਇਆ ਸੀ ਤਾਂ ਜੋ ਪੁਲਸ ਮਾਮਲੇ ਵਿੱਚ ਉਕਤ ਵਿਅਕਤੀ ਨੂੰ ਨਾਮਜਦ ਕੀਤਾ ਜਾ ਸਕੇ।

ਅੰਮ੍ਰਿਤਸਰ ਤੋਂ ਬਾਅਦ ਹੁਣ ਪੰਜਾਬ ਦੇ ਇਸ ਇਲਾਕੇ 'ਚ ਵੀ 3 ਦਿਨ ਬਾਜ਼ਾਰ ਬੰਦ ਰੱਖਣ ਦਾ ਫੈਸਲਾ

ਦੋਰਾਹਾ 22 ਮਈ। ਆਲ ਟ?ਰੇਡ ਯੂਨੀਅਨ ਦੋਰਾਹਾ ਵੱਲੋਂ ਇੱਕ ਮਹੱਤਵਪੂਰਨ ਮੀਟਿੰਗ ਰਾਮਗੜ੍ਹੀਆ ਭਵਨ, ਦੋਰਾਹਾ ਵਿਖੇ ਯੂਨੀਅਨ ਦੇ ਪ੍ਰਧਾਨ ਬੇਬੀ ਤਿਵਾੜੀ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਜਿਸ ਵਿੱਚ ਸ਼ਹਿਰ ਦੀਆਂ ਵਪਾਰਕ ਜਥੇਬੰਦੀਆਂ ਦੇ ਨੇਤਾਵਾਂ ਅਤੇ ਮੈਂਬਰਾਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਦਭਾਵਨਾ

ਯਾਤਰਾ ਲਈ 27, 28 ਅਤੇ 29 ਜੂਨ (ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ) ਨੂੰ ਦੋਰਾਹਾ ਸ਼ਹਿਰ ਦੀਆਂ ਸਾਰੀਆਂ ਦੁਕਾਨਾਂ ਬੰਦ ਰੱਖੀਆਂ ਜਾਣਗੀਆਂ। ਇਸ ਫੈਸਲੇ ਦਾ ਮਕਸਦ ਪੂਰੇ ਸ਼ਹਿਰ ਵਿੱਚ ਏਕਤਾ, ਭਾਈਚਾਰੇ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨਾ ਹੈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਚੇਅਰਮੈਨ ਪ੍ਰੀਤਮ ਸਿੰਘ ਜੱਗੀ, ਅਵਤਾਰ ਸਿੰਘ ਮਠਾੜੂ, ਹਰਕੇਸ਼ ਕੁਮਾਰ ਹੈਪੀ ਵਰਮਾ, ਕੁਲਦੀਪ ਸਿੰਘ ਸਪਾਲ, ਕੇਸਵਾ ਨੰਦ, ਨਰਿੰਦਰ ਨੰਦਾ, ਮਨਦੀਪ ਸਿੰਘ ਵਿੱਕੀ ਓਬਰਾਏ, ਪੰਕਜ ਗੌਤਮ, ਪਵਨ ਅਹੂਜਾ, ਰਾਜੇਸ਼ ਅਬਲਿਸ਼, ਜਸਵੀਰ ਸਿੰਘ ਸੋਨੀ, ਰਾਜਿੰਦਰ ਸਿੰਘ,ਹਰਦੇਵ ਸਿੰਘ, ਦਲਜੀਤ ਸਿੰਘ, ਬਿੰਨੀ ਮਕੋਲ, ਸੰਜੀਵ ਬਾਂਸਲ, ਜਨਦੀਪ ਕੌਸ਼ਲ, ਕੁਲਦੀਪ ਸਿੰਘ, ਸੁਖਵਿੰਦਰ ਭੱਲਾ, ਗਿੰਨੀ ਕਪੂਰ, ਚਰਨਜੀਤ ਸਿੰਘ, ਹਰਦੇਵ ਸਿੰਘ, ਮਨੀ ਸੇਠੀ, ਜਸਵੀਰ ਸਿੰਘ ਅਤੇ ਜਗਵਿੰਦਰ ਸਿੰਘ ਆਦਿ ਸ਼ਾਮਲ ਸਨ।

ਬਵਾਸੀਰ ਤੋਂ ਬਣ ਸਕਦੈ ਭਿਆਨਕ ਕੈਂਸਰ, ਮਾਹਿਰਾਂ ਤੋਂ ਜਾਣੋ ਇਸ ਤੋਂ ਬਚਣ ਦੇ ਤਰੀਕੇ

ਹੈਲਥ ਡੈਸਕ 22 ਮਈ। ਅੱਜ ਦੇ ਜ਼ਮਾਨੇ 'ਚ ਰੋਜ਼ਾਨਾ ਹੋਣ ਵਾਲੀ ਖ਼ਰਾਬੀ ਕਾਰਨ ਲੋਕਾਂ ਨੂੰ ਬਵਾਸੀਰ ਸਾਹਮਣਾ ਕਰਨਾ ਪੈ ਰਿਹਾ ਹੈ। ਖਾਣ-ਪੀਣ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਗਲਤ ਜੀਵਨਸ਼ੈਲੀ ਅਤੇ ਅਣਹੈਲਦੀ ਫੂਡਸ ਕਾਰਨ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਇਸ ਦਾ ਸ਼ੁਰੂ ਤੋਂ ਇਲਾਜ ਨਹੀਂ ਕੀਤਾ ਗਿਆ ਤਾਂ ਇਹ ਕੈਂਸਰ ਦਾ ਰੂਪ ਲੈ ਸਕਦੀ ਹੈ ਪਰ ਲੋਕ ਸ਼ਰਮ ਕਾਰਨ ਜਾਂ ਆਪ੍ਰੇਸ਼ਨ ਕਾਰਨ ਇਸ ਨੂੰ ਜਗ ਜ਼ਾਹਿਰ ਨਹੀਂ ਕਰਦੇ ਜੋ ਕਿ ਵੱਡੀ ਸਮੱਸਿਆ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਜੇਕਰ ਬਵਾਸੀਰ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਆਪਣੀ ਡਾਈਟ 'ਚ ਫਾਈਬਰ ਯੁਕਤ ਫਲ, ਸਬਜ਼ੀਆਂ ਵਰਗੇ ਅਨਾਜ ਨੂੰ ਸ਼ਾਮਲ ਕਰੋ। ਜਗਬਾਣੀ ਨਾਲ ਗੱਲ ਕਰਦਿਆਂ ਰਾਣਾ ਹਸਪਤਾਲ ਦੇ

ਡਾਕਟਰ ਹਤਿੰਦਰ ਸੁਰੀ ਨੇ ਦੱਸਿਆ ਹੈ ਕਿ ਬਵਾਸੀਰ ਬੈਕਟੀਰੀਆ ਜਾਂ ਵਾਇਰਸ ਨਾਲ ਹੋਣ ਵਾਲੀ ਬਿਮਾਰੀ ਨਹੀਂ ਸਗੋਂ ਇਹ ਤੁਹਾਡੇ ਰਹਿਣ-ਸਹਿਣ ਜਾਂ ਗਲਤ ਆਦਤਾਂ ਕਾਰਨ ਹੁੰਦੀ ਹੈ। ਹਾਲਾਂਕਿ ਜੇਕਰ ਤੁਹਾਨੂੰ ਬਵਾਸੀਰ ਦੇ ਸ਼ੁਰੂਆਤੀ ਲੱਛਣ ਨਜ਼ਰ ਆਉਂਦੇ ਹਨ ਤਾਂ ਤੁਹਾਨੂੰ ਜਲਦੀ ਤੋਂ ਜਲਦੀ ਇਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਹ ਬੀਮਾਰੀ ਵੱਧ ਨਾ ਸਕੇ। ਇਸ ਬੀਮਾਰੀ ਦੀ ਸ਼ੁਰੂਆਤ 'ਚ ਤੁਹਾਨੂੰ ਪਖਾਣਾ ਵਾਲੀ ਥਾਂ ਤੋਂ ਖੂਨ ਆਉਣਾ ਸ਼ੁਰੂ ਹੁੰਦਾ ਹੈ ਅਤੇ ਦੂਜੀ ਸਟੇਜ 'ਚ ਪਖਾਣੇ ਵਾਲੀ ਜਗ?ਹਾ 'ਤੇ ਮੱਸੇ ਬਣ ਜਾਂਦੇ ਹਨ। ਤੀਜੀ ਸਟੇਜ 'ਤੇ ਮੱਸੇ ਵੱਡੇ ਹੋ ਜਾਂਦੇ ਹਨ। ਚੌਥੀ ਸਟੇਜ 'ਚ ਮੱਸੇ ਪਖਾਣੇ ਵਾਲੀ ਥਾਂ ਤੋਂ ਬਾਹਰ ਆ ਜਾਂਦੇ ਹਨ। ਤੀਜੀ ਅਤੇ ਚੌਥੀ ਸਟੇਜ 'ਚ ਹੀ ਆਪਰੇਸ਼ਨ ਦੀ ਨੌਬਤ ਆਉਂਦੀ ਹੈ ਪਰ ਇਸ ਬੀਮਾਰੀ ਤੋਂ ਬਚਿਆ ਵੀ ਜਾ ਸਕਦਾ ਹੈ। ਇਸ ਦੌਰਾਨ ਇਸ ਲੇਖ ਰਾਹੀਂ ਆਓ ਨਜ਼ਰ ਮਾਰਦੇ ਹਾਂ ਕਿ ਬਵਾਸੀਰ ਹੋਣ ਦੇ ਕੀ ਕਾਰਨ ਹਨ

ਪਿਆਕੜਾਂ ਲਈ ਖੁਸ਼ਖ਼ਬਰੀ, ਵਿਦੇਸ਼ੀ ਸ਼ਰਾਬ ਹੋਵੇਗੀ ਸਸਤੀ

ਨੈਸ਼ਨਲ ਡੈਸਕ 22 ਮਈ। ਝਾਰਖੰਡ ਸਰਕਾਰ ਨੇ ਸ਼ਰਾਬ ਦੇ ਕਾਰੋਬਾਰ ਨੂੰ ਲੈ ਕੇ ਇੱਕ ਵੱਡਾ ਫ਼ੈਸਲਾ ਲਿਆ ਹੈ, ਜਿਸ ਨਾਲ ਰਾਜ ਦੀ ਆਰਥਿਕ ਨੀਤੀ ਅਤੇ ਸ਼ਰਾਬ ਬਾਜ਼ਾਰ ਦੋਵਾਂ ਵਿੱਚ ਵੱਡੇ ਬਦਲਾਅ ਆਉਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪ੍ਰਧਾਨਗੀ ਹੇਠ ਵੀਰਵਾਰ ਨੂੰ ਹੋਈ ਕੈਬਿਨਟ ਮੀਟਿੰਗ ਵਿੱਚ, ÷ਝਾਰਖੰਡ ਐਕਸਾਈਜ਼ (ਸ਼ਰਾਬ ਦੀ ਪ੍ਰਚੂਨ ਵਿਕਰੀ ਲਈ ਦੁਕਾਨਾਂ ਦਾ ਐਂਡੌਮੈਂਟ ਅਤੇ ਸੰਚਾਲਨ) ਨਿਯਮ 2025÷ ਨੂੰ ਮਨਜ਼ੂਰੀ ਦਿੱਤੀ ਗਈ। ਨਵੀਂ ਨੀਤੀ ਦੇ ਤਹਿਤ ਰਾਜ ਵਿੱਚ ਸ਼ਰਾਬ ਦੀ ਪ੍ਰਚੂਨ ਵਿਕਰੀ ਹੁਣ ਨਿੱਜੀ ਖੇਤਰ ਰਾਹੀਂ ਕੀਤੀ ਜਾਵੇਗੀ, ਜਦੋਂ ਕਿ ਥੋਕ ਵਿਕਰੀ ਦੀ ਜ਼ਿੰਮੇਵਾਰੀ ਝਾਰਖੰਡ ਬੇਵਰੇਜ ਕਾਰਪੋਰੇਸ਼ਨ ਲਿਮਟਿਡ ਕੋਲ ਰਹੇਗੀ। ਦੁਕਾਨਾਂ ਲਾਟਰੀ ਪ੍ਰਣਾਲੀ ਰਾਹੀਂ ਅਲਾਟ ਕੀਤੀਆਂ ਜਾਣਗੀਆਂ ਅਤੇ ਕੋਈ ਵੀ ਵਿਅਕਤੀ ਵੱਧ ਤੋਂ ਵੱਧ 36 ਦੁਕਾਨਾਂ ਚਲਾ ਸਕੇਗਾ। ਸਰਕਾਰ ਨੇ ਵਿਦੇਸ਼ੀ ਸ਼ਰਾਬ 'ਤੇ ਵੈਟ ਦਰਾਂ ਵਿੱਚ ਵੱਡੀ ਕਟੌਤੀ ਦਾ ਪ੍ਰਸਤਾਵ ਰੱਖਿਆ ਹੈ, ਜਿਸ ਨਾਲ ਇਸ ਦੀਆਂ ਕੀਮਤਾਂ ਵਿੱਚ ਕਾਫ਼ੀ ਕਮੀ ਆਉਣ ਦੀ ਸੰਭਾਵਨਾ ਹੈ। ਇਸ ਨਾਲ ਰਾਜ ਵਿੱਚ ਆਯਾਤ ਸ਼ਰਾਬ ਦੀ ਵਿਕਰੀ ਵਿੱਚ

ਲਗਭਗ 250% ਦਾ ਵਾਧਾ ਹੋਣ ਦੀ ਉਮੀਦ ਹੈ। ਇਸ ਦੇ ਨਾਲ ਹੀ, ਬੀਅਰ ਦੀਆਂ ਕੀਮਤਾਂ ਵਿੱਚ ਲਗਭਗ ? 10 ਦਾ ਥੋੜ੍ਹਾ ਜਿਹਾ ਵਾਧਾ ਹੋ ਸਕਦਾ ਹੈ। ਰਾਜ ਸਰਕਾਰ ਨੇ ਦੇਸੀ ਸ਼ਰਾਬ ਨੂੰ ਉਤਸ਼ਾਹਿਤ ਕਰਨ ਲਈ ਐਕਸਾਈਜ਼ ਡਿਊਟੀ ਵੀ ਘਟਾ ਦਿੱਤੀ ਹੈ। ਇਸ ਕਾਰਨ, ਦੇਸੀ ਸ਼ਰਾਬ ਹੁਣ ਗੈਰ-ਕਾਨੂੰਨੀ ਤੌਰ 'ਤੇ ਵਿਕਣ ਵਾਲੀ ਮਹੂਆ ਜਾਂ ਚੁਲਾਈ ਸ਼ਰਾਬ ਜਿੰਨੀ ਸਸਤੀ ਹੋ ਜਾਵੇਗੀ। ਇਸ ਨਾਲ ਰਾਜ ਨੂੰ ਮਾਲੀਆ ਮਿਲਣ ਦੇ ਨਾਲ-ਨਾਲ ਸ਼ਰਾਬ ਦੀ ਗੈਰ-ਕਾਨੂੰਨੀ ਵਿਕਰੀ 'ਤੇ ਕੰਟਰੋਲ ਮਿਲਣ ਦੀ ਉਮੀਦ ਹੈ। ਸ਼ਰਾਬਬੰਦੀ ਅਤੇ ਆਬਕਾਰੀ ਵਿਭਾਗ ਦੇ ਸਕੱਤਰ ਮਨੋਜ ਕੁਮਾਰ ਨੇ ਕਿਹਾ ਕਿ ਇਸ ਵੇਲੇ ਸੂਬੇ ਵਿੱਚ 1453 ਸ਼ਰਾਬ ਦੀਆਂ ਦੁਕਾਨਾਂ ਚੱਲ ਰਹੀਆਂ ਹਨ। ਨਵੀਂ ਨੀਤੀ ਲਾਗੂ ਹੋਣ ਤੋਂ ਬਾਅਦ, ਐਮਆਰਪੀ ਤੋਂ ਵੱਧ ਵਸੂਲਣ ਵਾਲੀਆਂ ਦੁਕਾਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਨਵੀਂ ਨੀਤੀ ਨੂੰ ਲਾਗੂ ਕਰਨ ਵਿੱਚ ਲਗਭਗ ਇੱਕ ਮਹੀਨਾ ਲੱਗੇਗਾ। ਸਰਕਾਰ ਨੂੰ ਉਮੀਦ ਹੈ ਕਿ ਇਨ੍ਹਾਂ ਤਬਦੀਲੀਆਂ ਨਾਲ ਨਾ ਸਿਰਫ਼ ਸ਼ਰਾਬ ਦੀ ਵਿਕਰੀ ਵਿੱਚ ਭਾਰੀ ਵਾਧਾ ਹੋਵੇਗਾ ਸਗੋਂ ਮਾਲੀਏ ਵਿੱਚ ਵੀ ਮਹੱਤਵਪੂਰਨ ਵਾਧਾ ਹੋਵੇਗਾ। ਦੇਸੀ ਸ਼ਰਾਬ ਦੀ ਵਿਕਰੀ ਵਿੱਚ 500% ਤੱਕ ਦੇ ਸੰਭਾਵੀ ਵਾਧੇ ਦਾ ਅਨੁਮਾਨ ਲਗਾਇਆ ਗਿਆ ਹੈ।

ਪੰਜਾਬ 'ਚ ਐਨਕਾਊਂਟਰ ! ਬਦਮਾਸ਼ ਤੇ ਪੁਲਸ ਵਿਚਾਲੇ ਚੱਲੀਆਂ ਤਾੜ-ਤਾੜ ਗੋਲੀਆਂ

ਸ੍ਰੀ ਮੁਕਤਸਰ ਸਾਹਿਬ 22 ਮਈ। ਪੰਜਾਬ ਪੁਲਸ ਵੱਲੋਂ ਮਲੋਟ ਵਿਖੇ ਵੱਡਾ ਐਨਕਾਊਂਟਰ ਕਰ ਦਿੱਤਾ ਗਿਆ। ਦਰਅਸਲ ਮਲੋਟ ਪੁਲਸ ਅਤੇ ਸੀ. ਆਈ. ਏ. ਸਟਾਫ਼ ਵੱਲੋਂ ਵੱਡੀ ਕਾਮਯਾਬੀ ਹਾਸਲ ਕੀਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਵੱਡੇ ਗੈਂਗਸਟਰ ਦੇ ਗੁਰਗੇ ਦਾ ਐਨਕਾਊਂਟਰ ਕੀਤਾ ਗਿਆ ਹੈ। ਦੱਸ ਦੇਈਏ ਕਿ ਨਸ਼ਾ ਸਮੱਗਲਰਾਂ 'ਤੇ ਨਕੇਲ ਕੱਸਣ ਲਈ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਣੇ ਕਈ ਵੱਡੇ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ ਪੰਜਾਬ ਪੁਲਸ ਵੱਲੋਂ ਰਾਤ ਦੇ ਸਮੇਂ ਵੀ ਹੁਣ ਗਸ਼ਤ ਵਧਾ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਮਲੋਟ

ਭਾਰਤ ਦੇ ਚੋਣ ਕਮਿਸ਼ਨ ਨੇ ਪਰਿਵਰਤਨਕਾਰੀ ਪਹਿਲਕਦਮੀਆਂ ਕੀਤੀਆਂ

ਨਵੀਂ ਦਿੱਲੀ, 22 ਮਈ 2025 : ਭਾਰਤ ਦੇ ਮੁੱਖ ਚੋਣ ਕਮਿਸ਼ਨਰ, ਸ਼੍ਰੀ ਗਿਆਨੇਸ਼ ਕੁਮਾਰ ਦੀ ਦੂਰਅੰਦੇਸ਼ੀ ਅਗਵਾਈ ਹੇਠ, ਭਾਰਤ ਦੇ ਚੋਣ ਕਮਿਸ਼ਨ ਨੇ ਪਰਿਵਰਤਨਕਾਰੀ ਪਹਿਲਕਦਮੀਆਂ ਕੀਤੀਆਂ ਹਨ ਜੋ ਦੇਸ਼ ਦੇ ਚੋਣ ਢਾਂਚੇ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰਨਗੀਆਂ। ਕਮਿਸ਼ਨ ਦੀਆਂ ਅਣਥੱਕ ਕੋਸ਼ਿਸ਼ਾਂ ਨੇ ਚੋਣ ਪ੍ਰਬੰਧਨ ਦੇ ਸਾਰੇ ਪਹਿਲੂਆਂ ਵਿੱਚ ਕੁਸ਼ਲਤਾ ਅਤੇ ਸਮਾਵੇਸ਼ ਨੂੰ ਵਧਾਉਣ ਦਾ ਟੀਚਾ ਰੱਖਿਆ ਹੈ। ਮੁੱਖ ਚੋਣ ਕਮਿਸ਼ਨਰ (ਸੀਈਸੀ) ਸ਼੍ਰੀ ਗਿਆਨੇਸ਼ ਕੁਮਾਰ ਨੇ, ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੀ ਮੌਜੂਦਗੀ ਵਿੱਚ, ਇਸ ਸਾਲ ਮਾਰਚ ਵਿੱਚ ਹੋਈ ਮੁੱਖ ਚੋਣ ਅਧਿਕਾਰੀਆਂ (ਸੀਈਓ) ਦੀ ਕਾਨਫਰੰਸ ਦੌਰਾਨ ਇਨ੍ਹਾਂ ਪਹਿਲਕਦਮੀਆਂ ਦਾ ਰੋਡਮੈਪ ਪੇਸ਼ ਕੀਤਾ ਸੀ। ਵੋਟਰਾਂ ਨੂੰ ਸਸ਼ਕਤ ਕਰਨ, ਸਿਆਸੀ ਪਾਰਟੀਆਂ ਨੂੰ ਸ਼ਾਮਲ ਕਰਨ, ਪ੍ਰਕਿਰਿਆਵਾਂ ਨੂੰ ਸੁਚਾਰੂ ਕਰਨ, ਕਾਨੂੰਨੀ ਸਪੱਸ਼ਟਤਾ ਨੂੰ ਮਜ਼ਬੂਤ ਕਰਨ ਅਤੇ ਸੰਸਥਾਗਤ ਸਮਰੱਥਾ ਵਧਾਉਣ ਤੋਂ ਲੈ ਕੇ, ਕਮਿਸ਼ਨ ਨੇ ਚੋਣ ਸੁਧਾਰ ਲਈ ਇੱਕ ਸੰਪੂਰਨ ਪਹੁੰਚ ਅਪਣਾਈ ਹੈ। ਇਹ ਪਹਿਲਕਦਮੀਆਂ ਚੋਣ ਪ੍ਰਕਿਰਿਆ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਅਤੇ ਲੋਕਤੰਤਰੀ ਭਾਗੀਦਾਰੀ ਨੂੰ ਡੂੰਘਾ ਕਰਨ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ, ਜੋ ਕਮਿਸ਼ਨ ਦੀ ਭਾਰਤ ਦੇ ਜੀਵੰਤ ਲੋਕਤੰਤਰ ਦੇ ਰਾਖੇ ਵਜੋਂ ਭੂਮਿਕਾ ਨੂੰ ਮੂਰਤੀਮਾਨ ਕਰਦੀਆਂ ਹਨ। ਨਾਗਰਿਕਾਂ ਲਈ ਵੋਟਿੰਗ ਪ੍ਰਕਿਰਿਆ ਨੂੰ ਵਧੇਰੇ ਪਹੁੰਚਯੋਗ ਅਤੇ ਸੁਚਾਰੂ ਬਣਾਉਣ ਲਈ, ਇੱਕ ਪੋਲਿੰਗ ਸਟੇਸ਼ਨ 'ਤੇ ਨਿਯੁਕਤ ਵੋਟਰਾਂ ਦੀ ਅਧਿਕਤਮ ਸੰਖਿਆ ਨੂੰ 1500 ਤੋਂ ਘਟਾ ਕੇ 1200 ਕਰ ਦਿੱਤਾ ਗਿਆ ਹੈ। ਇਸ ਨਾਲ ਬੂਥਾਂ 'ਤੇ ਭੀੜ ਅਤੇ ਉਡੀਕ ਸਮੇਂ ਵਿੱਚ ਮਹੱਤਵਪੂਰਨ ਕਮੀ ਆਉਣ ਦੀ ਉਮੀਦ ਹੈ। ਸ਼ਹਿਰੀ ਬਸਤੀਆਂ, ਉੱਚੀਆਂ ਇਮਾਰਤਾਂ ਅਤੇ ਰਿਹਾਇਸ਼ੀ

ਕਲੋਨੀਆਂ ਦੇ ਵਾਧੇ ਨੂੰ ਮਾਨਤਾ ਦਿੰਦੇ ਹੋਏ, ਕਮਿਸ਼ਨ ਨੇ ਅਜਿਹੀਆਂ ਸੁਸਾਇਟੀਆਂ ਦੇ ਅੰਦਰ ਵਧੀਕ ਪੋਲਿੰਗ ਬੂਥ ਸਥਾਪਤ ਕਰਨ ਦਾ ਵਿਜ਼ਨ ਰੱਖਿਆ ਹੈ ਤਾਂ ਜੋ ਵੋਟਰਾਂ ਲਈ ਵੋਟਿੰਗ ਨੂੰ ਵਧੇਰੇ ਸੁਵਿਧਾਜਨਕ ਅਤੇ ਸਥਾਨਕ ਤੌਰ 'ਤੇ ਪਹੁੰਚਯੋਗ ਬਣਾਇਆ ਜਾ ਸਕੇ। ਇਸ ਤੋਂ ਇਲਾਵਾ, ਵੋਟਰ ਜਾਣਕਾਰੀ ਸਲਿੱਪਾਂ ਨੂੰ ਵਧੇਰੇ ਉਪਭੋਗਤਾ-ਅਨੁਕੂਲ ਬਣਾਉਣ ਲਈ ਮੁੜ ਡਿਜ਼ਾਈਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸੀਰੀਅਲ ਨੰਬਰ ਅਤੇ ਪਾਰਟ ਨੰਬਰ ਹੁਣ ਪੋਲਿੰਗ ਵੇਰਵਿਆਂ ਦੀ ਸੌਖੀ ਪਛਾਣ ਲਈ ਵਧੇਰੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤੇ ਜਾਣਗੇ। ਚੋਣ ਸੂਚੀਆਂ ਦੀ ਸ਼ੁੱਧਤਾ ਨੂੰ ਵਧਾਉਣ ਦੀ ਦਿਸ਼ਾ ਵਿੱਚ, ਕਮਿਸ਼ਨ ਹੁਣ ਰਜਿਸਟਰਾਰ ਜਨਰਲ ਆਫ ਇੰਡੀਆ (ਆਰਜੀਆਈ) ਤੋਂ ਸਿੱਧੇ ਮੌਤ ਰਜਿਸਟ?ਰੇਸ਼ਨ ਡੇਟਾ ਪ੍ਰਾਪਤ ਕਰੇਗਾ। ਇਸ ਡੇਟਾ ਦੀ ਪੜਤਾਲ ਤੋਂ ਬਾਅਦ, ਇਸ ਨੂੰ ਮ੍ਰਿਤਕ ਵਿਅਕਤੀਆਂ ਦੇ ਨਾਮ ਸੂਚੀਆਂ ਵਿੱਚੋਂ ਹਟਾਉਣ ਲਈ ਵਰਤਿਆ ਜਾਵੇਗਾ, ਜਿਸ ਨਾਲ ਵਧੇਰੇ ਪ੍ਰਮਾਣਿਕਤਾ ਨੂੰ ਯਕੀਨੀ ਬਣਾਇਆ ਜਾਵੇਗਾ। ਕਮਿਸ਼ਨ ਨੇ ਦੇਸ਼ ਭਰ ਵਿੱਚ ਸਿਆਸੀ ਪਾਰਟੀਆਂ ਨੂੰ ਸ਼ਾਮਲ ਕਰਨ ਲਈ ਇੱਕ ਵਿਆਪਕ ਸੰਪਰਕ ਪ੍ਰੋਗਰਾਮ ਚਲਾਇਆ ਹੈ। ਮੁੱਖ ਚੋਣ ਅਧਿਕਾਰੀਆਂ (ਸੀਈਓ), ਜ਼ਿਲ੍ਹਾ ਚੋਣ ਅਧਿਕਾਰੀਆਂ (ਡੀਈਓ), ਅਤੇ ਚੋਣ ਰਜਿਸਟ?ਰੇਸ਼ਨ ਅਧਿਕਾਰੀਆਂ (ਈਆਰਓ) ਦੇ ਪੱਧਰਾਂ 'ਤੇ ਕੁੱਲ 4,719 ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 28,000 ਤੋਂ ਵੱਧ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਨੇ ਇਨ੍ਹਾਂ ਸਲਾਹ-ਮਸ਼ਵਰਾ ਸੈਸ਼ਨਾਂ ਵਿੱਚ ਹਿੱਸਾ ਲਿਆ। ਸੀਈਓ ਪੱਧਰ 'ਤੇ 40 ਮੀਟਿੰਗਾਂ, ਡੀਈਓ ਪੱਧਰ 'ਤੇ 800 ਅਤੇ ਦੇਸ਼ ਭਰ ਵਿੱਚ ਈਆਰਓ ਪੱਧਰ 'ਤੇ 3,879 ਮੀਟਿੰਗਾਂ ਹੋਈਆਂ। ਇਸ ਤੋਂ ਇਲਾਵਾ, ਕਮਿਸ਼ਨ ਨੇ ਕਈ ਰਾਸ਼ਟਰੀ ਅਤੇ ਰਾਜ-ਪੱਧਰੀ ਸਿਆਸੀ ਪਾਰਟੀਆਂ ਦੇ ਮੁਖੀਆਂ ਨਾਲ ਮੀਟਿੰਗਾਂ ਕੀਤੀਆਂ ਹਨ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ (ਏਏਪੀ), ਭਾਰਤੀ ਜਨਤਾ ਪਾਰਟੀ (ਬੀਜੇਪੀ), ਬਹੁਜਨ ਸਮਾਜ ਪਾਰਟੀ (ਬੀਐਸਪੀ), ਸੀਪੀਆਈ(ਐਮ) ਅਤੇ ਐਨਪੀਪੀ ਸਮੇਤ ਹੋਰ ਸ਼ਾਮਲ ਹਨ। ਸਿਆਸੀ ਪਾਰਟੀਆਂ ਦੀ ਚੋਣ ਪ੍ਰਕਿਰਿਆ ਵਿੱਚ ਸ਼ਮੂਲੀਅਤ ਨੂੰ ਹੋਰ ਮਜ਼ਬੂਤ ਕਰਨ ਲਈ, ਸਿਆਸੀ ਪਾਰਟੀਆਂ ਦੇ ਬੂਥ ਪੱਧਰੀ ਏਜੰਟਾਂ (ਬਿਹਾਰ, ਤਮਿਲਨਾਡੂ ਅਤੇ ਪੁਡੁਚੇਰੀ) ਲਈ ਸਮਰੱਥਾ-ਨਿਰਮਾਣ ਪ੍ਰੋਗਰਾਮ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ (ਆਈਆਈਆਈਡੀਈਐਮ) ਵਿਖੇ ਆਯੋਜਿਤ ਕੀਤੇ ਗਏ ਹਨ। ਪ੍ਰਕਿਰਿਆਤਮਕ ਪੱਖੋਂ, ਕਮਿਸ਼ਨ ਨੇ ਈਸੀਆਈਐਨਈਟੀ ਸ਼ੁਰੂ ਕੀਤਾ ਹੈ, ਜੋ ਇੱਕ ਨਵਾਂ ਏਕੀਕ੍ਰਿਤ ਡੈਸ਼ਬੋਰਡ ਹੈ ਜੋ 40 ਤੋਂ ਵੱਧ ਵੱਖਰੀਆਂ ਐਪਲੀਕੇਸ਼ਨਾਂ ਅਤੇ ਪੋਰਟਲਾਂ ਨੂੰ ਇੱਕ ਸਿੰਗਲ, ਏਕੀਕ੍ਰਿਤ ਪਲੇਟਫਾਰਮ ਵਿੱਚ ਜੋੜੇਗਾ। ਇਹ ਸਾਰੇ ਹਿੱਸੇਦਾਰਾਂ, ਜਿਵੇਂ ਕਿ ਵੋਟਰਾਂ, ਸਿਆਸੀ ਪਾਰਟੀਆਂ, ਅਤੇ ਚੋਣ ਅਧਿਕਾਰੀਆਂ ਨੂੰ ਸੁਚਾਰੂ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਵੋਟਰ ਫੋਟੋ ਪਛਾਣ ਪੱਤਰ (ਈਪੀਆਈਸੀ) ਦੀਆਂ ਡੁਪਲੀਕੇਟ ਸਮੱਸਿਆ ਨੂੰ ਵੀ ਹੱਲ ਕੀਤਾ ਗਿਆ ਹੈ, ਅਤੇ ਹੁਣ ਹਰ ਵੋਟਰ ਨੂੰ ਇੱਕ ਵਿਲੱਖਣ ਈਪੀਆਈਸੀ ਨੰਬਰ ਪ੍ਰਾਪਤ ਹੋਵੇਗਾ ਇਹ ਯਕੀਨੀ ਬਣਾਉਣ ਲਈ ਇੱਕ ਨਵਾਂ ਵਿਧੀ ਸਥਾਪਤ ਕੀਤੀ ਗਈ ਹੈ। ਕਾਨੂੰਨੀ ਸੁਧਾਰਾਂ ਦੇ ਮੱਦੇਨਜ਼ਰ, ਕਮਿਸ਼ਨ ਨੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ 28 ਵੱਖ-ਵੱਖ ਸ਼੍ਰੇਣੀਆਂ ਦੇ ਹਿੱਸੇਦਾਰਾਂ ਨੂੰ ਮੈਪ ਕੀਤਾ ਹੈ, ਜਿਨ੍ਹਾਂ ਵਿੱਚ ਵੋਟਰ, ਉਮੀਦਵਾਰ, ਸਿਆਸੀ ਪਾਰਟੀਆਂ, ਅਤੇ ਚੋਣ ਕਰਮਚਾਰੀ ਆਦਿ ਸ਼ਾਮਲ ਹਨ। ਇਹ ਹਿੱਸੇਦਾਰ ਵਰਗੀਕਰਣ 1950 ਅਤੇ 1951 ਦੇ ਰਿਪ੍ਰੜੈਂਟੇਸ਼ਨ ਆਫ ਦੀ ਪੀਪਲ ਐਕਟਸ, 1960 ਦੇ ਰਜਿਸਟ?ਰੇਸ਼ਨ ਆਫ ਇਲੈਕਟਰਜ਼ ਰੂਲਜ਼, ਅਤੇ 1961 ਦੇ ਕੰਡਕਟ ਆਫ ਇਲੈਕਸ਼ਨ ਰੂਲਜ਼ ਦੀਆਂ ਵਿਵਸਥਾਵਾਂ ਦੇ ਅਨੁਸਾਰ, ਨਾਲ ਹੀ ਕਮਿਸ਼ਨ ਵੱਲੋਂ ਜਾਰੀ ਸੰਬੰਧਿਤ ਨਿਰਦੇਸ਼ਾਂ ਦੇ ਅਧਾਰ 'ਤੇ ਕੀਤਾ ਗਿਆ ਹੈ। ਹਰੇਕ ਹਿੱਸੇਦਾਰ ਸਮੂਹ ਲਈ ਚੋਣ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦੀ ਪੂਰੀ ਸਮਝ ਅਤੇ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਮਿਸ਼ਨ ਦੇ ਐਕਟਸ, ਨਿਯਮਾਂ ਅਤੇ ਨਿਰਦੇਸ਼ਾਂ ਦੇ ਅਧਾਰ 'ਤੇ। ਕਮਿਸ਼ਨ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਕਰਮਚਾਰੀਆਂ ਨੂੰ ਨਿਸ਼ਾਨਬੱਧ ਸਿਖਲਾਈ ਅਤੇ ਪਛਾਣ ਉਪਾਵਾਂ ਰਾਹੀਂ ਮਜ਼ਬੂਤ ਕਰਨ 'ਤੇ ਵੀ ਧਿਆਨ ਦੇ ਰਿਹਾ ਹੈ। ਸਾਰੇ ਬੂਥ ਪੱਧਰੀ ਅਧਿਕਾਰੀਆਂ (ਬੀਐਲਓ) ਨੂੰ ਹੁਣ ਮਿਆਰੀ ਫੋਟੋ ਪਛਾਣ ਪੱਤਰ ਜਾਰੀ ਕੀਤੇ ਜਾਣਗੇ ਤਾਂ ਜੋ ਭਰੋਸੇਯੋਗਤਾ ਅਤੇ ਇਕਸਾਰ ਪਛਾਣ ਨੂੰ ਯਕੀਨੀ ਬਣਾਇਆ ਜਾ ਸਕੇ। ਦਿੱਲੀ ਦੇ ਆਈਆਈਆਈਡੀਈਐਮ ਵਿਖੇ 3,000 ਤੋਂ ਵੱਧ ਬੂਥ ਪੱਧਰੀ ਸੁਪਰਵਾਈਜ਼ਰਾਂ ਨੂੰ ਪਹਿਲਾਂ ਹੀ ਸਿਖਲਾਈ ਦਿੱਤੀ ਜਾ ਚੁੱਕੀ ਹੈ, ਅਤੇ ਆਉਣ ਵਾਲੇ ਸਾਲਾਂ ਵਿੱਚ ਇੱਕ ਲੱਖ ਤੋਂ ਵੱਧ ਸੁਪਰਵਾਈਜ਼ਰਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਹੈ, ਜਿਸ ਨਾਲ ਦੇਸ਼ ਭਰ ਵਿੱਚ 10.50 ਲੱਖ ਬੀਐਲਓ ਦੀ ਸਿਖਲਾਈ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸਾਰੇ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਰਾਜ ਅਤੇ ਮੀਡੀਆ ਨੋਡਲ ਅਧਿਕਾਰੀਆਂ ਲਈ ਵਿਸ਼ੇਸ਼ ਸੰਚਾਲਨ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਬਿਹਾਰ ਦੇ ਪੁਲਿਸ ਅਧਿਕਾਰੀਆਂ ਨੇ ਪੋਲਿੰਗ ਡਿਊਟੀਆਂ ਲਈ ਸਹਿਯੋਗ ਅਤੇ ਤਿਆਰੀ ਨੂੰ ਵਧਾਉਣ ਲਈ ਚੋਣ-ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੈ। ਸੰਸਥਾਗਤ ਤੌਰ 'ਤੇ, ਈਸੀਆਈ ਨੇ ਕੁਸ਼ਲਤਾ ਵਿੱਚ ਸੁਧਾਰ ਲਈ ਕਈ ਅੰਦਰੂਨੀ ਸੁਧਾਰ ਸ਼ੁਰੂ ਕੀਤੇ ਹਨ। ਸਾਰੇ ਸਟਾਫ ਲਈ ਸਮੇਂ ਦੀ ਪਾਬੰਦੀ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਬਾਇਓਮੈਟ੍ਰਿਕ ਹਾਜ਼ਰੀ ਲਾਗੂ ਕੀਤੀ ਗਈ ਹੈ। ਅੰਦਰੂਨੀ ਦਸਤਾਵੇਜ਼ੀਕਰਨ ਅਤੇ ਪ੍ਰਕਿਰਿਆਵਾਂ ਨੂੰ ਡਿਜੀਟਾਈਜ਼ ਕਰਨ ਲਈ ਈ-ਆਫਿਸ ਪਲੇਟਫਾਰਮ ਨੂੰ ਕਾਰਜਸ਼ੀਲ ਕੀਤਾ ਗਿਆ ਹੈ। ਇਨ੍ਹਾਂ ਸੁਧਾਰਾਂ ਦੀ ਅਮਲਦਰਾਮਦ ਨੂੰ ਨਿਗਰਾਨੀ ਕਰਨ ਅਤੇ ਚੋਣ ਪ੍ਰਸ਼ਾਸਨ ਵਿੱਚ ਇਕਸਾਰਤਾ ਬਣਾਈ ਰੱਖਣ ਲਈ ਦੇਸ਼ ਭਰ ਦੇ ਮੁੱਖ ਚੋਣ ਅਧਿਕਾਰੀਆਂ ਨਾਲ ਨਿਯਮਤ ਮੀਟਿੰਗਾਂ ਵੀ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨਵੀਆਂ ਪਹਿਲਕਦਮੀਆਂ ਨਾਲ, ਭਾਰਤ ਦਾ ਚੋਣ ਕਮਿਸ਼ਨ ਮੁਕਤ, ਨਿਰਪੱਖ, ਸਮਾਵੇਸ਼ੀ ਅਤੇ ਪਹੁੰਚਯੋਗ ਚੋਣਾਂ ਕਰਵਾਉਣ ਦੀ ਆਪਣੀ ਵਚਨਬੱਧਤਾ ਨੂੰ ਮੁੜ ਪੁਸ਼ਟ ਕਰਦਾ ਹੈ। ਇਹ ਕਦਮ ਭਾਰਤ ਦੇ ਲੋਕਤੰਤਰ ਦੀਆਂ ਵਿਕਸਤ ਹੋ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਚੋਣ ਪ੍ਰਣਾਲੀ ਨੂੰ ਅਨੁਕੂਲ ਕਰਨ ਵਿੱਚ ਇੱਕ ਮਹੱਤਵਪੂਰਨ ਪ੍ਰਗਤੀ ਨੂੰ ਦਰਸਾਉਂਦੇ ਹਨ, ਜੋ ਇੱਕ ਮਜ਼ਬੂਤ ਚੋਣ ਪ੍ਰਕਿਰਿਆ ਪ੍ਰਦਾਨ ਕਰਨ ਲਈ ਤਕਨਾਲੋਜੀ, ਕਾਨੂੰਨੀ ਸਟੀਕਤਾ ਅਤੇ ਪ੍ਰਸ਼ਾਸਕੀ ਸੁਧਾਰਾਂ ਦਾ ਲਾਭ ਉਠਾਉਂਦੇ ਹਨ।

ਮਾਤਮ 'ਚ ਬਦਲੀਆਂ ਵਿਆਹ ਦੀਆਂ ਖੁਸ਼ੀਆਂ, ਬਰਾਤ ਪਹੁੰਚਣ ਤੋਂ ਪਹਿਲਾਂ ਹੀ ਲਾੜੀ ਨੇ ਤੋੜਿਆ ਦਮ

ਨੈਸ਼ਨਲ ਡੈਸਕ 22 ਮਈ। ਬਰੇਲੀ ਦੇ ਬਹੇੜੀ ਥਾਣਾ ਖੇਤਰ ਦੇ ਦੇਵੀਪੁਰਾ ਪਿੰਡ 'ਚ ਉਸ ਸਮੇਂ ਸੋਗ ਦੀ ਲਹਿਰ ਛਾ ਗਈ ਜਦੋਂ ਵਿਆਹ ਤੋਂ ਠੀਕ ਪਹਿਲਾਂ ਲਾੜੀ ਦੀ ਅਚਾਨਕ ਸਿਹਤ ਵਿਗੜਨ ਕਾਰਨ ਮੌਤ ਹੋ ਗਈ। ਪਰਿਵਾਰ ਅਤੇ ਰਿਸ਼ਤੇਦਾਰ ਬਰਾਤ ਦੇ ਸਵਾਗਤ ਦੀਆਂ ਤਿਆਰੀਆਂ 'ਚ ਜੁਟੇ ਸਨ ਪਰ ਇਕ ਅਣਹੋਣੀ ਨੇ ਪੂਰੇ ਮਾਹੌਲ ਨੂੰ ਸੋਗ 'ਚ ਬਦਲ ਦਿੱਤਾ। 20 ਸਾਲਾ ਸ਼ਾਂਤੀ ਦਾ ਅਜੇਵੀਰ ਨਾਲ ਵਿਆਹ ਤੈਅ ਹੋਇਆ ਸੀ। ਬਰਾਤ ਨਵਾਬਗੰਜ ਤੋਂ ਦੇਵੀਪੁਰਾ ਪਹੁੰਚਣ ਵਾਲੀ ਸੀ। ਦੁਪਹਿਰ ਕਰੀਬ 3 ਵਜੇ ਸ਼ਾਂਤੀ ਨੂੰ ਅਚਾਨਕ ਘਬਰਾਹਟ ਅਤੇ ਬੇਚੈਨੀ ਮਹਿਸੂਸ ਹੋਣ ਲੱਗੀ। ਘਬਰਾਏ ਪਰਿਵਾਰਕ ਮੈਂਬਰ ਉਸਨੂੰ ਬਹੇੜੀ ਕਸਬੇ ਦੇ ਸ਼ਿਫਾ ਹਸਪਤਾਲ ਲੈ ਕੇ ਗਏ, ਜਿਥੇ ਤਹਿਲੀਮ ਅਹਿਮਦ ਉਰਫ ਭੂਰਾ ਨਾਂ ਦੇ ਡਾਕਟਰ ਨੇ ਉਸਦਾ ਇਲਾਜ ਸ਼ੁਰੂ ਕੀਤਾ। ਲਾੜੀ ਦੀ ਮੌਤ ਦੀ ਖਬਰ ਫੈਲਦੇ ਹੀ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ

ਹਸਪਤਾਲ ਪਹੁੰਚ ਕੇ ਹੰਗਾਮਾ ਸ਼ੁਰੂ ਕਰ ਦਿੱਤਾ। ਲੋਕਾਂ ਦਾ ਦੋਸ਼ ਸੀ ਕਿ ਡਾਕਟਰ ਝੋਲਾਛਾਪ ਹੈ ਅਤੇ ਉਸਨੇ ਗਲਤ ਟੀਕਾ ਲਗਾ ਕੇ ਕੁੜੀ ਦਾ ਜਾਨ ਲੈ ਲਈ। ਹੰਗਾਮੇ ਵਿਚਾਲੇ ਡਾਕਟਰ ਮੌਕੇ ਤੋਂ ਫਰਾਰ ਹੋ ਗਿਆ। ਮਾਮਲੇ ਦੀ ਸੂਚਨਾ ਮਿਲਦੇ ਹੀ ਬਹੇੜੀ ਪੁਲਸ ਮੌਕੇ 'ਤੇ ਪਹੁੰਚੀ। ਕਾਫੀ ਸਮਝਾਉਣ ਤੋਂ ਬਾਅਦ ਪਰਿਵਾਰਕ ਮੈਂਬਰ ਸਾਂਤ ਹੋਏ। ਲਾੜੀ ਦੇ ਪਿਤਾ ਥਾਨ ਸਿੰਘ ਦੀ ਸ਼ਿਕਾਇਤ 'ਤੇ ਡਾਕਟਰ ਤਸਲੀਮ ਅਹਿਮਦ ਖਿਲਾਫ ਲਾਪਰਵਾਹੀ ਕਾਰਨ ਮੌਤ ਦੀ ਧਾਰਾ 'ਚ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਜਦੋਂ ਬਰਾਤ ਦੇਵੀਪੁਰਾ ਪਹੁੰਚਣ ਹੀ ਵਾਲੀ ਸੀ, ਤਾਂ ਇਹ ਦਰਦਨਾਕ ਖਬਰ ਲਾੜੇ ਨੂੰ ਮਿਲੀ। ਸੂਚਨਾ ਮਿਲਦੇ ਹੀ ਅਜੇਵੀਰ ਅਤੇ ਉਸਦੇ ਪਰਿਵਾਰਕ ਮੈਂਬਰ ਹੈਰਾਨ ਰਹਿ ਗਏ। ਪੂਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ ਅਤੇ ਬਰਾਤ ਨੂੰ ਰਸਤੇ 'ਚੋਂ ਹੀ ਵਾਪਸ ਮੁੜਨਾ ਪਿਆ।

ਪੁਲਸ ਨੇ ਬਡਗਾਮ ਜ਼ਿਲ੍ਹੇ 'ਚ ਗ੍ਰਿਫ਼ਤਾਰ ਕੀਤੇ ਲਸ਼ਕਰ ਦੇ ਤਿੰਨ ਸਹਿਯੋਗੀ

ਸ਼ਰੀਨਗਰ 22 ਮਈ। ਪੁਲਸ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ (ਐੱਲਈਟੀ) ਸੰਗਠਨ ਨਾਲ ਜੁੜੇ ਤਿੰਨ ਅੱਤਵਾਦੀ ਸਹਿਯੋਗੀਆਂ ਨੂੰ ਮੱਧ ਕਸ਼ਮੀਰ ਦੇ ਬਡਗਾਮ ਜ਼ਿਲ੍ਹੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਤਿੰਨਾਂ ਦੀ ਪਛਾਣ ਬਾਰਾਮੂਲਾ ਜ਼ਿਲ੍ਹੇ ਦੇ ਅਲਗਾਮ ਪੱਟਨ ਵਾਸੀ ਮੁਜਾਮਿਲ ਅਹਿਮਦ ਅਤੇ ਇਸ਼ਫਾਕ ਪੰਡਿਤ ਅਤੇ ਬਡਗਾਮ ਦੇ ਮੀਰਪੋਰਾ ਬੀਰਵਾਹ ਵਾਸੀ ਮੁਨੀਰ ਅਹਿਮਦ ਵਜੋਂ ਕੀਤੀ ਹੈ। ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰੀਆਂ ਮਗਾਮ ਦੇ ਕਾਵੂਸਾ ਨਰਬਲ ਇਲਾਕੇ 'ਚ ਕੀਤੀਆਂ ਗਈਆਂ। ਪੁਲਸ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਇਕ ਪਿਸਤੌਲ ਅਤੇ ਇਕ ਹੱਥਗੋਲੇ ਸਮੇਤ ਹਥਿਆਰ ਤੇ ਗੋਲਾ-ਬਾਰੂਦ ਬਰਾਮਦ ਕੀਤਾ ਗਿਆ ਹੈ। ਪੁਲਸ ਸਟੇਸ਼ਨ ਮਗਾਮ 'ਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਕਿਹਾ ਕਿ ਜਾਂਚ ਦੌਰਾਨ, ਇਹ ਸਾਹਮਣੇ ਆਇਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਵੂਸਨ ਪੱਟਨ ਦੇ ਸਰਗਰਮ ਅੱਤਵਾਦੀ ਆਬਿਦ ਕਯੂਮ ਲੋਨ ਨਾਲ ਨਜ਼ਦੀਕੀ ਸੰਪਰਕ 'ਚ ਸਨ, ਜੋ 2020 'ਚ ਪਾਕਿਸਤਾਨ 'ਚ ਘੁਸਪੈਠ ਕਰ ਕੇ ਗਿਆ ਸੀ ਅਤੇ ਬਾਅਦ 'ਚ ਲਸ਼ਕਰ-ਏ-ਤੋਇਬਾ ਸੰਗਠਨ 'ਚ ਸ਼ਾਮਲ ਹੋ ਗਿਆ ਸੀ। ਪੁਲਸ ਨੇ ਕਿਹਾ,''ਉਕਤ ਅੱਤਵਾਦੀ/ਹੈਂਡਲਰ ਮੌਜੂਦਾ ਸਮੇਂ ਪਾਕਿਸਤਾਨ 'ਚ ਕੰਮ ਕਰ ਰਿਹਾ ਹੈ

ਵਿਟਾਮਿਨ-ਸੀ ਨਾਲ ਭਰਪੂਰ ਹੁੰਦੀ ਹੈ 'ਹਰੀ ਮਿਰਚ', ਫੇਫੜਿਆਂ ਲਈ ਵੀ ਹੈ ਫਾਇਦੇਮੰਦ

ਜਲੰਧਰ - ਖੂਬਸੂਰਤੀ ਵਧਾਉਣ ਦੇ ਤੁਸੀਂ ਬਹੁਤ ਸਾਰੇ ਨੁਸਖੇ ਜਾਣਦੇ ਹੋਵੋਗੇ ਪਰ ਹਰੀ ਮਿਰਚ ਗੁਣਾਂ ਦਾ ਖਜ਼ਾਨਾ ਹੈ? ਇਸ ਦੇ ਬਾਰੇ ਤੁਹਾਨੂੰ ਪਤਾ ਨਹੀਂ ਹੋਵੇਗਾ। ਹਰੀ ਮਿਰਚ ਕਈ ਲੋਕ ਬਹੁਤ ਖਾਂਦੇ ਹਨ ਅਤੇ ਕਈ ਇਸ ਤੋਂ ਦੂਰ ਭੱਜਦੇ ਹਨ। ਹਰੀ ਮਿਰਚ 'ਚ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ, ਜੋ ਸਾਡੀ ਸਿਹਤ ਨੂੰ ਬਿਹਤਰ ਖੂਬਸੂਰਤ ਬਣਾਈ ਰੱਖਣ 'ਚ ਅਤੇ ਰੋਗਾਂ ਨੂੰ ਜੜ੍ਹ ਤੋਂ ਖਤਮ ਕਰਨ 'ਚ ਮਦਦ ਕਰਦੇ ਹਨ। ਹਰੀ ਮਿਰਚ ਬਹੁਤ ਸਾਰੇ ਪੋਸ਼ਕ ਤੱਤ ਜਿਵੇਂ ਵਿਟਾਮਿਨ-ਏ, ਬੀ6, ਸੀ, ਆਇਰਨ, ਕਾਪਰ, ਪੋਟਾਸ਼ਿਅਮ, ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਨਾਲ ਭਰਪੂਰ ਹੁੰਦੀ ਹੈ। ਹਰੀ ਮਿਰਚ ਦਾ ਸੇਵਨ ਅਚਾਰ,ਚਟਨੀ, ਸਬਜ਼ੀਆਂ ਅਤੇ ਰੋਟੀ ਖਾਣ ਨਾਲ ਵੀ ਕੀਤਾ ਜਾਂਦਾ ਹੈ। ਇਸ 'ਚ ਬੀਟਾ ਕੈਰੋਟੀਨ ਚੀਜ਼ਾਂ ਵੀ ਮੌਜੂਦ ਹੈ। ਹਰੀ ਮਿਰਚ ਨਾਲ ਸਿਹਤ ਨੂੰ ਹੋਣ ਵਾਲੇ ਬਹੁਤ ਸਾਰੇ ਫਾਇਦੇ ਹਨ ਜਿਵੇਂ —

1. ਖੂਨ ਸਾਫ ਕਰੇ

ਹਰੀ ਮਿਰਚ ਖਾਣ ਨਾਲ ਖੂਨ ਸਾਫ ਹੁੰਦਾ ਹੈ। ਸ਼ੂਗਰ ਹੋਣ ਦੀ ਸਥਿਤੀ 'ਚ ਵੀ ਹਰੀ ਮਿਰਚ 'ਚ ਬਲੱਡ ਪ੍ਰੈਸ਼ਰ ਦਾ ਪੱਧਰ ਕੰਟਰੋਲ ਰੱਖਣ ਦੇ ਗੁਣ ਮੌਜੂਦ ਹੁੰਦੇ ਹਨ।

2. ਐਂਟੀ ਬੈਕਟੀਰੀਅਲ ਗੁਣਾਂ ਨਾਲ ਭਰਪੂਰ

ਹਰੀ ਮਿਰਚ 'ਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ, ਜੋ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਨਾਲ ਸਰੀਰ ਅਤੇ ਚਮੜੀ ਦੀ ਰੱਖਿਆ ਕਰਦੇ ਹਨ।

3. ਵਿਟਾਮਿਨ-ਸੀ ਨਾਲ ਭਰਪੂਰ

ਹਰੀ ਮਿਰਚ 'ਚ ਭਰਪੂਰ ਮਾਤਰਾ 'ਚ ਵਿਟਾਮਿਨ-ਸੀ ਹੁੰਦਾ ਹੈ, ਜੋ ਰੋਗਾਂ ਦੇ ਲੜਣ ਦੀ ਸਮਰੱਥਾ 'ਚ ਵਾਧਾ ਕਰਕੇ ਸਾਡੀ ਵਿਰੋਧੀ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ।

4. ਕੈਂਸਰ ਤੋਂ ਬਚਾਏ

ਕੈਂਸਰ ਨਾਲ ਲੜਨ ਅਤੇ ਸਰੀਰ ਨੂੰ ਸੁਰੱਖਿਅਤ ਰੱਖਣ ਲਈ ਹਰੀ ਮਿਰਚ ਬਹੁਤ ਫਾਇਦੇਮੰਦ ਹੁੰਦੀ ਹੈ।

5. ਫੇਫੜਿਆਂ ਲਈ ਫਾਇਦੇਮੰਦ

ਹਰੀ ਮਿਰਚ ਦੀ ਵਰਤੋਂ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵੀ ਘੱਟ ਹੁੰਦਾ ਹੈ।

6. ਦਿਮਾਗ ਨੂੰ ਸਿਹਤਮੰਦ ਰੱਖੇ

ਹਰੀ ਮਿਰਚ ਦਿਮਾਗ ਸੰਚਾਰ ਨੂੰ ਵੀ ਠੀਕ ਕਰਦੀ ਹੈ, ਜਿਸ ਨਾਲ ਸਾਡਾ ਮੂਡ ਕਾਫੀ ਹੱਦ ਤੱਕ ਖੁਸ਼ਨੁਮਾ ਰਹਿਣ 'ਚ ਮਦਦ ਮਿਲਦੀ ਹੈ।

7. ਭਾਰ ਘਟਾਏ

ਹਰੀ ਮਿਰਚ ਭਾਰ ਘਟਾਉਣ 'ਚ ਫਾਇਦੇਮੰਦ ਹੋ ਸਕਦੀ ਹੈ। ਹਰੀ ਮਿਰਚ 'ਚ ਕੈਲੋਰੀ ਬਿਲਕੁੱਲ ਨਹੀਂ ਹੁੰਦੀ। ਇਸ ਲਈ ਇਹ ਭਾਰ ਘਟਾਉਣ 'ਚ ਕਾਫੀ ਸਹਾਈ ਹੁੰਦੀ ਹੈ।

8. ਚਮੜੀ ਲਈ

ਵਿਟਾਮਿਨ-ਈ ਨਾਲ ਭਰਪੂਰ ਹਰੀ ਮਿਰਚ ਤੁਹਾਡੀ ਚਮੜੀ ਲਈ ਵੀ ਫਾਇਦੇਮੰਦ ਹੁੰਦੀ ਹੈ। ਇਸ ਦੀ ਵਰਤੋਂ ਨਾਲ ਤੁਹਾਡੀ ਚਮੜੀ ਜਵਾਨ ਅਤੇ ਖੂਬਸੂਰਤ ਦਿਖਾਈ ਦਿੰਦੀ ਹੈ।

9. ਦਿਲ ਸਬੰਧੀ ਰੋਗਾਂ ਨੂੰ ਠੀਕ ਕਰੇ

ਹਰੀ ਮਿਰਚ ਨਾਲ ਦਿਲ ਨਾਲ ਸੰਬੰਧਤ ਸਾਰੀਆਂ ਬੀਮਾਰੀਆਂ ਠੀਕ ਹੋ ਜਾਂਦੀਆਂ ਹਨ। ਇਸ ਨਾਲ ਹਾਰਟ ਅਟੈਕ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ।

10. ਪਾਚਨ ਕਿਰਿਆ

ਹਰੀ ਮਿਰਚ ਦੀ ਵਰਤੋਂ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ। ਇਸ ਦੀ ਵਰਤੋਂ ਨਾਲ ਖਾਣਾ ਚੰਗੇ ਤਰੀਕੇ ਨਾਲ ਡਾਇਜੇਸਟ ਹੋ ਜਾਂਦਾ ਹੈ।

11. ਹੱਡੀਆਂ ਨੂੰ ਸਿਹਤਮੰਦ ਰੱਖੇ

ਹਰੀ ਮਿਰਚ 'ਚ ਵਿਟਾਮਿਨ-ਸੀ ਮੌਜੂਦ ਹੁੰਦਾ ਹੈ ਜੋ ਹੱਡੀਆਂ, ਦੰਦਾਂ ਅਤੇ ਅੱਖਾਂ ਲਈ ਵੀ ਫਾਇਦੇਮੰਦ ਹੁੰਦਾ ਹੈ।

ਸ਼ੂਗਰ ਦੇ ਰੋਗੀਆਂ ਲਈ ਫਾਇਦੇਮੰਦ ਹੁੰਦਾ ਹੈ 'ਧਨੀਏ ਦਾ ਜੂਸ, ਮੋਟਾਪਾ ਵੀ ਕਰਦੈ ਘੱਟ

ਜਲੰਧਰ— ਧਨੀਏ ਦੀ ਵਰਤੋਂ ਅੱਜ ਤੋਂ ਨਹੀਂ ਸਗੋਂ ਸਦੀਆਂ ਤੋਂ ਕੀਤੀ ਜਾ ਰਹੀ ਹੈ। ਧਨੀਆ ਜਿੱਥੇ ਭੋਜਨ ਨੂੰ ਸਜਾਉਣ ਦੇ ਕੰਮ ਆਉਂਦਾ ਹੈ, ਉੱਥੇ ਹੀ ਇਸ ਨਾਲ ਸਿਹਤ ਸਬੰਧੀ ਕੁਝ ਫਾਇਦੇ ਵੀ ਹੁੰਦੇ ਹਨ। ਐਮੀਨੋ ਐਸਿਡ, ਐਂਟੀ ਆਕਸੀਡੈਂਟਸ, ਐਂਜਾਇਮ, ਮਿਨਰਲ, ਪੋਟੈਸ਼ੀਅਮ, ਸੋਡੀਅਮ, ਵਿਟਾਮਿਨ-ਏ, ਬੀ1, ਬੀ2, ਬੀ6 ਅਤੇ ਸੀ ਦੇ ਗੁਣਾਂ ਨਾਲ ਭਰਪੂਰ ਹੋਣ ਦੇ ਕਾਰਨ ਧਨੀਆ ਸਿਹਤ ਨਾਲ ਜੁੜੀਆਂ ਕਈ ਪਰੇਸ਼ਾਨੀਆਂ ਨੂੰ ਵੀ ਦੂਰ ਕਰਨ 'ਚ ਮਦਦ ਕਰਦਾ ਹੈ। ਜੇਕਰ ਧਨੀਏ ਦਾ ਜੂਸ ਰੋਜ਼ ਪੀਤਾ ਜਾਵੇ ਤਾਂ ਇਸ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੂਰ ਰਹਿੰਦੀਆਂ ਹਨ। ਧਨੀਏ ਦਾ ਜੂਸ ਗੁਰਦੇ, ਦਿਲ ਅਤੇ ਚਮੜੀ ਨਾਲ ਸਬੰਧਤ ਕਈ ਸਮਸਿਆਵਾਂ ਤੋਂ ਬਚਾਉਣ 'ਚ ਮਦਦ ਕਰਦਾ ਹੈ। ਅੱਜ ਅਸੀਂ ਤੁਹਾਨੂੰ ਧਨੀਏ ਦਾ ਜੂਸ ਬਣਾਉਣ ਅਤੇ ਉਸ ਤੋਂ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ।

ਇੰਝ ਬਣਾਓ ਧਨੀਏ ਦਾ ਜੂਸ

ਇੱਕ ਗਲਾਸ ਪਾਣੀ ਉਬਾਲ ਲਓ। ਫਿਰ ਉਸ 'ਚ ਧਨੀਆ ਕੱਟ ਕੇ ਮਿਲਾਓ। ਧਨੀਏ ਨੂੰ ਪਾਣੀ 'ਚ ਚੰਗੀ ਤਰ੍ਹਾਂ ਉਬਾਲ ਲਓ ਅਤੇ ਫਿਰ ਛਾਣ ਲਓ। ਫਿਰ ਇਸ 'ਚ ਨਿਬੂੰ ਦਾ ਰਸ ਅਤੇ ਨਮਕ ਮਿਲਾਓ। ਇਸ ਡਰਿੰਕ ਨੂੰ ਰੋਜ਼ ਪੀਓ।

1. ਕਿਡਨੀ ਦੀ ਸਮੱਸਿਆ ਤੋਂ ਦੇਵੇਂ ਰਾਹਤ

ਧਨੀਏ ਦਾ ਜੂਸ ਕਿਡਨੀ ਦੀ ਸਮੱਸਿਆ ਤੋਂ ਵੀ ਰਾਹਤ ਦਿੰਦਾ ਹੈ। ਇਸ ਡਰਿੰਕ ਨੂੰ ਪੀਣ ਨਾਲ ਸਰੀਰ ਦੇ ਜ਼ਹਿਰੀਲੇ ਪਦਾਰਥ ਦੂਰ ਹੁੰਦੇ ਹਨ ਅਤੇ ਕਿਡਨੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ।

2. ਮੋਟਾਪਾ ਕਰੇ ਘੱਟ

ਧਨੀਏ ਦਾ ਜੂਸ ਮੋਟਾਪਾ ਘੱਟ ਕਰਨ 'ਚ ਵੀ ਲਾਹੇਵੰਦ ਹੁੰਦਾ ਹੈ। ਇਸ 'ਚ ਕੈਲੋਰੀ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ, ਜਿਸ ਨਾਲ ਸਰੀਰ 'ਚ ਜਮ੍ਹਾ ਵਾਧੂ ਚਰਬੀ ਖਤਮ ਹੁੰਦੀ ਹੈ ਅਤੇ ਮੋਟਾਪਾ ਦੂਰ ਹੁੰਦਾ ਹੈ।

3. ਦਿਲ ਸਬੰਧੀ ਰੋਗ

ਇਸ ਡਰਿੰਕ 'ਚ ਪੋਟਾਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਦਿਲ ਸਬੰਧੀ ਬੀਮਾਰੀਆਂ ਦੇ ਖਤਰੇ ਨੂੰ ਘੱਟ ਕਰਨ 'ਚ ਸਹਾਈ ਹੈ।

4. ਅੱਖਾਂ ਲਈ ਫਾਇਦੇਮੰਦ

ਇਸ ਦੇ ਇਲਾਵਾ ਧਨੀਏ 'ਚ ਵਿਟਾਮਿਨ-ਏ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਅੱਖਾਂ ਲਈ ਕਾਫੀ ਫਾਇਦੇਮੰਦ ਹੁੰਦਾ ਹੈ। ਇਸ ਡਰਿੰਕ ਨੂੰ ਪੀਣ ਨਾਲ ਮੋਤੀਆਬਿੰਦ ਤੋਂ ਬਚਾਅ ਹੁੰਦਾ ਹੈ।

5. ਕੋਲੈਸਟਰੋਲ ਨੂੰ ਕੰਟਰੋਲ ਕਰੇ

ਧਨੀਏ ਦਾ ਜੂਸ ਪੀਣ ਨਾਲ ਕੋਲੈਸਟਰੋਲ ਕੰਟਰੋਲ 'ਚ ਰਹਿੰਦਾ ਹੈ, ਇਸ ਲਈ ਰੋਜ਼ਾਨਾ ਧਨੀਏ ਦਾ ਜੂਸ ਪੀਣਾ ਚਾਹੀਦਾ ਹੈ।

6. ਸ਼ੂਗਰ

ਇਸ ਡਰਿੰਕ ਦੀ ਵਰਤੋਂ ਨਾਲ ਸ਼ੂਗਰ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲਦਾ ਹੈ। ਇਸ ਲਈ ਸ਼ੂਗਰ ਦੇ ਮਰੀਜ ਨੂੰ ਰੋਜ਼ਾਨਾ ਧਨੀਏ ਦਾ ਜੂਸ ਪੀਣਾ ਚਾਹੀਦਾ ਹੈ।

ਸਕਿਨ ਨੂੰ ਗਲੋਇੰਗ ਬਣਾਉਂਦਾ ਹੈ 'ਨਿੰਬੂ ਪਾਣੀ', ਬਲੱਡ ਪ੍ਰੈਸ਼ਰ ਨੂੰ ਵੀ ਕਰੇ ਕੰਟਰੋਲ

ਜਲੰਧਰ - ਕੁਦਰਤ ਦੇ ਬਹੁਤ ਸਾਰੀ ਦੇਨ ਵਿੱਚੋਂ ਇੱਕ ਫਲ ਹੈ ਨਿੰਬੂ, ਜੋ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਗਰਮੀ ਦੇ ਮੌਸਮ 'ਚ ਧੁੱਪ ਤੋਂ ਛੁਟਕਾਰਾ ਪਾਉਣ ਲਈ ਨਿੰਬੂ ਪਾਣੀ ਨੂੰ ਬੈਸਟ ਡ੍ਰਿੰਕ ਮੰਨਿਆ ਜਾਂਦਾ ਹੈ। ਕੁਝ ਲੋਕ

ਨਿੰਬੂ ਨੂੰ ਸਲਾਦ ਤਾਂ ਕੁਝ ਇਸ ਨੂੰ ਸ਼ਰਬਤ ਆਦਿ 'ਚ ਪਾ ਕੇ ਵਰਤੋਂ ਕਰਦੇ ਹਨ। ਨਿੰਬੂ ਪਾਣੀ ਵਿੱਚ ਕਈ ਤਰ੍ਹਾਂ ਦੇ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ, ਜੋ ਸਰੀਰ ਨੂੰ ਸਿਹਤਮੰਦ ਬਣਾਉਣ ਲਈ ਮਦਦ ਕਰਦੇ ਹਨ। ਨਿੰਬੂ ਨੂੰ ਵਿਟਾਮਨ ਅਤੇ ਮਿਨਰਲਜ਼ ਦਾ ਖਜ਼ਾਨਾ ਮੰਨਿਆ ਜਾਂਦਾ ਹੈ ਅਤੇ ਰੋਜ਼ ਸਵੇਰੇ ਨਿੰਬੂ-ਪਾਣੀ ਪੀਣ ਨਾਲ ਕਈ ਤਰ੍ਹਾਂ ਦੇ ਲਾਭ ਹੁੰਦੇ ਹਨ। ਭਾਰ ਘਟਾਉਣ ਤੋਂ ਲੈ ਕੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਤਕ ਇਹ ਗਰਮੀਆਂ 'ਚ ਰਾਮਬਾਣ ਮੰਨਿਆ ਜਾਂਦਾ ਹੈ।

ਆਓ ਜਾਣਦੇ ਹਾਂ ਕਿਹੜੇ-ਕਿਹੜੇ ਹਨ ਨਿੰਬੂ ਪਾਣੀ ਪੀਣ ਦੇ ਫਾਇਦੇ

1. ਜ਼ਹਿਰੀਲੇ ਪਦਾਰਥ ਬਾਹਰ ਕੱਢੇ

ਸਰੀਰ 'ਚ ਜਮ੍ਹਾ ਜ਼ਹਿਰੀਲੇ ਪਦਾਰਥ ਸਿਹਤ ਨਾਲ ਜੁੜੀਆਂ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਦਾ ਕਾਰਨ ਬਣਦੇ ਹਨ। ਇਸ ਨਾਲ ਪੇਟ ਨਾਲ ਜੁੜੀਆਂ ਬਹੁਤ ਸਾਰੀਆਂ ਦਿੱਕਤਾਂ ਵੀ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਮੌਸਮ 'ਚ ਨਿੰਬੂ ਪਾਣੀ ਦੀ ਵਰਤੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ 'ਚ ਮਦਦ ਕਰਦੀ ਹੈ। ਸਵੇਰ ਦੇ ਸਮੇਂ ਇਸ ਦੀ ਵਰਤੋਂ ਕਰਨ ਨਾਲ ਸਾਰਾ ਦਿਨ ਪੇਟ ਸਿਹਤਮੰਦ ਰਹਿੰਦਾ ਹੈ। ਇਸ ਨਾਲ ਪੱਥਰੀ ਬਣਨ ਦੀ ਸਮੱਸਿਆ ਵੀ ਬਹੁਤ ਘੱਟ ਹੋ ਜਾਂਦੀ ਹੈ।

2. ਪਾਚਨ ਤੰਤਰ ਬਿਹਤਰ

ਪਾਚਨ ਤੰਤਰ ਖਰਾਬ ਹੋਵੇ ਤਾਂ ਭੁੱਖ ਨਾ ਲੱਗਣ ਦੀ ਸਮੱਸਿਆ ਹੋ ਸਕਦੀ ਹੈ। ਇਸ ਨਾਲ ਸਰੀਰ 'ਚ ਕਮਜ਼ੋਰੀ ਵੀ ਆਉਣੀ ਸ਼ੁਰੂ ਹੋ ਜਾਂਦੀ ਹੈ। ਜੋ ਲੋਕ ਭੁੱਖ ਨਾ ਲੱਗਣ ਦੀ ਸ਼ਿਕਾਇਤ ਕਰਦੇ ਹਨ ਉਨ੍ਹਾਂ ਨੂੰ ਨਿੰਬੂ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਪੇਟ ਦੀ ਸੋਜ, ਡਕਾਰ, ਜਲਣ ਅਤੇ ਗੈਸ ਤੋਂ ਰਾਹਤ ਦਿਵਾਉਂਦਾ ਹੈ।

3. ਬਲੱਡ ਪ੍ਰੈਸ਼ਰ ਨੂੰ ਕੰਟਰੋਲ

ਗਰਮੀ ਦੇ ਮੌਸਮ 'ਚ ਬਲੱਡ ਪ੍ਰੈਸ਼ਰ ਲੋਅ ਰਹਿਣ ਦੀ ਸਮੱਸਿਆ ਆਮ ਹੋ ਜਾਂਦੀ ਹੈ। ਨਿੰਬੂ ਪਾਣੀ ਪੀਣ ਨਾਲ ਬਲੱਡ ਪ੍ਰੈਸ਼ਰ ਠੀਕ ਰਹਿੰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਕੇ ਤਣਾਅ ਨੂੰ ਵੀ ਘੱਟ ਕਰਦਾ ਹੈ। ਚੱਕਰ ਅਤੇ ਉਲਟੀ ਆਉਣ 'ਤੇ ਵੀ ਨਿੰਬੂ ਪਾਣੀ ਫਾਇਦੇਮੰਦ ਰਹਿੰਦਾ ਹੈ। ਦਿਨ 'ਚ ਘੱਟ ਤੋਂ ਘੱਟ ਇੱਕ ਵਾਰ ਨਿੰਬੂ ਪਾਣੀ ਜ਼ਰੂਰ ਪੀਓ।

4. ਸਕਿਨ ਨੂੰ ਬਣਾਏ ਗਲੋਇੰਗ

ਸਕਿਨ ਦੀ ਸਮੱਸਿਆ ਮਤਲੱਬ ਆਇਲੀ ਸਕਿਨ, ਮੁਹਾਸੇ, ਕਾਲੇਪਨ ਤੋਂ ਪ੍ਰੇਸ਼ਾਨ ਹੋ ਤਾਂ ਇਹ ਦਾ ਬਿਹਤਰ ਉਪਾਅ ਹੈ ਨਿੰਬੂ ਪਾਣੀ। ਇਸ 'ਚ ਮੌਜੂਦ ਐਂਟੀਆਕਸੀਡੈਂਟ ਦੇ ਗੁਣ ਸਕਿਨ ਨੂੰ ਡਿਟਾਕਸ ਕਰਨ ਦਾ ਵੀ ਕੰਮ ਕਰਦੇ ਹਨ। ਜਿਸ ਨਾਲ ਚਿਹਰੇ 'ਚ ਰੰਗਤ ਆਉਣੀ ਸ਼ੁਰੂ ਹੋ ਜਾਂਦੀ ਹੈ।

5. ਮਸੂੜਿਆਂ ਦੇ ਦਰਦ ਤੋਂ ਛੁਟਕਾਰਾ

ਜੇ ਤੁਹਾਡੇ ਮਸੂੜਿਆਂ 'ਚ ਦਰਦ ਹੋਵੇ ਤਾਂ ਇਸ ਦੇ ਰਸ ਨਾਲ ਮਸਾਜ਼ ਕਰੋ। ਮਸੂੜਿਆਂ 'ਚ ਜਖਮ ਹੋਣ 'ਤੇ ਵੀ ਤੁਸੀਂ ਇਸ ਦੇ ਰਸ ਨਾਲ ਮਸਾਜ਼ ਕਰ ਸਕਦੇ ਹੋ। ਇਸ ਨਾਲ ਬਹੁਤ ਫਾਇਦਾ ਮਿਲਦਾ ਹੈ।

6. ਗਲੇ ਦੀ ਖਰਾਸ਼ ਦੂਰ

ਗਲੇ 'ਚ ਖਰਾਸ਼ ਹੋਣ 'ਤੇ ਗਰਮ ਪਾਣੀ 'ਚ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਕਾਫੀ ਰਾਹਤ ਮਿਲਦੀ ਹੈ। ਇਹ ਇਨਫੈਕਸ਼ਨ ਤੋਂ ਬਚਾਅ ਕਰਨ ਦਾ ਕੰਮ ਕਰਦਾ ਹੈ।

ਸਾਵਧਾਨ : ਵਿਟਾਮਿਨ ਡੀ ਦੀ ਕਮੀ ਵਾਲੇ ਲੋਕਾਂ 'ਚ ਕੋਰੋਨਾ ਦਾ ਖਤਰਾ ਜ਼ਿਆਦਾ

ਵਾਸ਼ਿੰਗਟਨ -ਗਲੋਬਲ ਪੱਧਰ 'ਤੇ ਫੈਲੀ ਕੋਵਿਡ-19 ਮਹਾਮਾਰੀ ਨੇ ਭਾਰੀ ਤਬਾਹੀ ਮਚਾਈ ਹੋਈ ਹੈ। ਇਸ ਖਤਰਨਾਕ ਵਾਇਰਸ ਨੂੰ ਲੈਕੇ ਹੁਣ ਤੱਕ ਕੋਈ ਵੈਕਸੀਨ

ਤਿਆਰ ਨਹੀਂ ਕੀਤੀ ਜਾ ਸਕੀ ਹੈ। ਉੱਥੇ ਇੱਕ ਸ਼ੁਰੂਆਤੀ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਵਿਟਾਮਿਨ ਡੀ ਦੀ ਕਮੀ ਵਾਲੇ ਲੋਕਾਂ ਦੇ ਕੋਰੋਨਾਵਾਇਰਸ ਦੀ ਚਪੇਟ ਵਿੱਚ ਆਉਣ ਦਾ ਖਦਸ਼ਾ ਜ਼ਿਆਦਾ ਹੈ ਅਤੇ ਇਸ ਕਾਰਨ ਉਹਨਾਂ ਦੀ ਜਾਨ ਤੱਕ ਜਾ ਸਕਦੀ ਹੈ।

ਸ਼ੋਧ ਵਿੱਚ ਕੋਵਿਡ-19 ਇਨਫੈਕਸ਼ਨ ਦਰ ਅਤੇ ਉਸ ਨਾਲ ਹੋਣ ਵਾਲੀ ਮੌਤ ਦਰ ਦੇ ਨਾਲ 20 ਯੂਰਪੀ ਦੇਸ਼ਾਂ ਦੇ ਨਾਗਰਿਕਾਂ ਦੇ ਵਿਟਾਮਿਨ ਡੀ ਦੇ ਔਸਤ ਪੱਧਰ ਨਾਲ ਤੁਲਨਾ ਕੀਤੀ ਗਈ। ਇਸ ਵਿੱਚ ਸਾਹਮਣੇ ਆਇਆ ਕਿ ਜਿਹੜੇ ਦੇਸ਼ਾਂ ਦੇ ਨਾਗਰਿਕਾਂ ਵਿੱਚ ਵਿਟਾਮਿਨ ਡੀ ਦੀ ਕਮੀ ਹੈ ਉੱਥੇ ਕੋਵਿਡ-19 ਇਨਫੈਕਸ਼ਨ ਅਤੇ ਉਸ ਨਾਲ ਹੋਣ ਵਾਲੀ ਮੌਤ ਦਰ ਜ਼ਿਆਦਾ ਹੈ। ਭਾਵੇਂਕਿ ਹੁਣ ਤੱਕ ਇਸ ਅਧਿਐਨ ਦੀ ਹੋਰ ਵਿਗਿਆਨੀਆਂ ਵੱਲੋਂ ਸਮੀਖਿਆ ਅਤੇ ਜਾਂਚ ਨਹੀਂ ਕੀਤੀ ਗਈ ਹੈ। ਉਹ ਇਸ ਗੱਲ ਨੂੰ ਪੂਰੀ ਤਰ੍ਹਾਂ ਸਾਬਤ ਕਰਨ ਵਿੱਚ ਅਸਮਰੱਥ ਹਨ ਕਿ ਵਿਟਾਮਿਨ ਡੀ ਦੀ ਕਮੀ ਹੀ ਕੋਰੋਨਾ ਇਨਫੈਕਸ਼ਨ ਅਤੇ ਉਸ ਨਾਲ ਹੋਣ ਵਾਲੀ ਮੌਤ ਦੇ ਪਿੱਛੇ ਦਾ ਕਾਰਨ ਹੈ।

ਚੰਗੀ ਖੁਰਾਕ ਵੀ ਕੋਵਿਡ-19 ਨਾਲ ਲੱੜਣ ਲਈ ਮਦਦਗਾਰ : ਅਧਿਐਨ

ਵਾਸ਼ਿੰਗਟਨ - ਇੱਕ ਨਵੇਂ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਅਜਿਹੀ ਖੁਰਾਕ, ਜਿਸ ਵਿੱਚ ਵਿਟਾਮਿਨ ਸੀ ਅਤੇ ਵਿਟਾਮਿਨ ਡੀ ਹੁੰਦਾ ਹੈ ਉਹ ਕੋਵਿਡ-19 ਜਿਹੇ ਵਾਇਰਸ ਅਤੇ ਸਾਹ ਪ੍ਰਣਾਲੀ (ਰੈਸਪਰੇਟਰੀ ਸਿਸਟਮ) ਨਾਲ ਜੁੜੀਆਂ ਹੋਰ ਬੀਮਾਰੀਆਂ ਨਾਲ ਲੱੜਣ ਲਈ ਸਰੀਰ ਦੇ ਇਮਿਊਨ ਸਿਸਟਮ ਵਿੱਚ ਪ੍ਰਭਾਵੀ ਭੂਮਿਕਾ ਨਿਭਾ ਸਕਦੇ ਹਨ। 'ਨਿਊਟ੍ਰਿਐਂਟਸ' ਜਨਰਲ ਵਿੱਚ ਇਹ ਅਧਿਐਨ ਪ੍ਰਕਾਸ਼ਿਤ ਹੋਇਆ ਹੈ। ਅਮਰੀਕਾ ਦੀ ਓਰੇਗਨ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਐਂਡ੍ਰੀਅਨ ਗੋਮਬਾਰਟ ਮੁਤਾਬਕ, ਪੂਰੀ ਦੁਨੀਆ ਵਿੱਚ ਇੱਕ ਸਾਲ ਵਿੱਚ ਸਾਹ ਪ੍ਰਣਾਲੀ ਤੋਂ ਪ੍ਰਭਾਵਿਤ 25 ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਜਾਂਦੀ ਹੈ।

ਉਨ੍ਹਾਂ ਨੇ ਆਖਿਆ ਕਿ, ਇਸ ਵਿੱਚਾਲੇ ਬਹੁਤ ਸਾਰੇ ਅੰਕੜੇ ਹਨ ਜੋ ਇਹ ਦਿਖਾਉਂਦੇ ਹਨ ਚੰਗੀ ਖੁਰਾਕ ਇਮਿਊਨ ਸਿਸਟਮ ਦੀ ਸਮਰੱਥਾ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇੱਕ ਸਮਾਜ ਦੇ ਤੌਰ 'ਤੇ ਸਾਨੂੰ ਇਹ ਸੰਦੇਸ਼ ਹੋਰ ਅਹਿਮ ਸੰਦੇਸ਼ਾਂ ਦੇ ਨਾਲ ਅੱਗੇ ਵਧਾਉਣ ਦਾ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਖਾਸ ਤਰ੍ਹਾਂ ਦੇ ਵਿਟਾਮਿਨ, ਮਿਨਰਲਸ ਅਤੇ ਫੈਟੀ ਐਸਿਡਸ ਸਰੀਰ ਦੀ ਇਮਿਊਨਿਟੀ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ

ਨਸ਼ਿਆਂ ਦਾ ਦ੍ਰਿੜ੍ਹ ਇਰਾਦੇ ਨਾਲ ਕੀਤਾ ਜਾ ਸਕਦੇ ਖ਼ਾਤਮਾ : ਨੀਨਾ ਮਿੱਤਲ

ਵਿਧਾਇਕ ਨੀਨਾ ਮਿੱਤਲ ਵੱਲੋਂ ਹਲਕਾ ਰਾਜਪੁਰਾ ਦੇ ਵੱਖ-ਵੱਖ ਪਿੰਡਾਂ 'ਚ ਨਸ਼ਾ ਮੁਕਤੀ ਯਾਤਰਾ 'ਚ ਸ਼ਮੂਲੀਅਤ

ਰਾਜਪੁਰਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਲਕਾ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਵੱਲੋਂ ਰੋਜ਼ਾਨਾ ਪਿੰਡ ਪੱਧਰ 'ਤੇ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਵਿਧਾਇਕਾ ਨੀਨਾ ਮਿੱਤਲ ਨੇ ਪਿੰਡ ਮਿਰਜ਼ਾਪੁਰ, ਕੋਟਲਾ ਅਤੇ ਦਭਾਲੀ ਕਲਾ ਵਿੱਚ ਨਸ਼ਾ ਮੁਕਤੀ ਮਾਰਚ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਦਾ ਦ੍ਰਿੜ੍ਹ ਇਰਾਦੇ ਨਾਲ ਖ਼ਾਤਮਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਆਮ ਲੋਕਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਆਪਣੀ ਜ਼ਿੰਦਗੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕਾਰਗਰ ਸਾਬਤ ਹੋ ਰਹੀ ਹੈ। ਪੰਜਾਬ 'ਚ ਲੰਬੇ ਸਮੇਂ ਤੋਂ ਚੱਲ ਰਹੇ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਅਤੇ ਨਸ਼ਿਆਂ ਦੀ ਆਸਾਨ ਉਪਲਬਧਤਾ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਠੱਲ੍ਹ ਪਾਈ ਹੈ। ਉਨ੍ਹਾਂ ਕਿਹਾ ਕਿ ਅਸੀਂ ਇੱਥੇ ਨਹੀਂ ਰੁਕਾਂਗੇ ਹਰੇਕ ਪਿੰਡ, ਹਰੇਕ ਗਲੀ ਤੱਕ ਇਹ ਸੰਦੇਸ਼ ਪਹੁੰਚਾਉਣਾ ਸਾਡਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਦੱਸਿਆ ਕਿ ਪੁਲਿਸ, ਸਿਹਤ ਵਿਭਾਗ, ਸਮਾਜ ਸੇਵਕਾਂ ਅਤੇ ਸਥਾਨਕ ਨਾਗਰਿਕਾਂ ਦੀ ਸਾਂਝ ਨਾਲ ਇਹ ਮੁਹਿੰਮ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ। ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਪਿੰਡਾਂ ਦੇ ਵਾਸੀਆਂ ਨੇ ਵੀ ਮੈਡਮ ਮਿੱਤਲ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਆਪਣੇ ਇਲਾਕਿਆਂ ਨੂੰ ਨਸ਼ਾ ਮੁਕਤ ਬਣਾਉਣ ਲਈ ਪੂਰੀ ਤਰ੍ਹਾਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਨਸ਼ਾ ਛੱਡਣ ਲਈ ਤਿਆਰ ਲੋਕਾਂ ਦੀ ਮਦਦ ਵਾਸਤੇ ਮੈਡੀਕਲ ਕੈਂਪਾਂ, ਕੌਂਸਲਿੰਗ ਅਤੇ ਪੁਨਰਵਾਸ ਸਹੂਲਤਾਂ ਦੀ ਜਾਣਕਾਰੀ ਵੀ ਦਿੱਤੀ।

ਮੈਡਮ ਮਿੱਤਲ ਨੇ ਕਿਹਾ ਕਿ "ਨਸ਼ਿਆਂ ਤੋਂ ਆਜ਼ਾਦ ਪੰਜਾਬ ਸਿਰਫ਼ ਇੱਕ ਸਪਨਾ ਨਹੀਂ, ਸਗੋਂ ਅਸੀਂ ਇਸ ਨੂੰ ਹਕੀਕਤ ਵਿੱਚ ਬਦਲ ਰਹੇ ਹਾਂ। ਹਰੇਕ ਪੰਜਾਬੀ ਨੂੰ ਇਸ ਲਹਿਰ ਦਾ ਹਿੱਸਾ ਬਣ ਕੇ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਹ ਨਸ਼ਾ ਵਿਰੋਧੀ ਮੁਹਿੰਮ ਨਿਰੇ ਭਾਸ਼ਣ ਨਹੀਂ, ਸਗੋਂ ਇੱਕ ਅਜਿਹਾ ਲੋਕ ਅੰਦੋਲਨ ਬਣ ਚੁੱਕਾ ਹੈ ਜੋ ਪੰਜਾਬ ਨੂੰ ਇੱਕ ਸਵੱਛ, ਸਿਹਤਮੰਦ ਤੇ ਸੁਚੱਜੇ ਭਵਿੱਖ ਵੱਲ ਲੈ ਕੇ ਜਾ ਰਿਹਾ ਹੈ।

ਇਸ ਮੌਕੇ ਬੀ.ਡੀ.ਪੀ.ਓ. ਬਨਦੀਪ ਸਿੰਘ ਗਿੱਲ ਤੇ ਐਸ.ਐਚ.ਓ. ਸਮੇਤ ਸਚਿਨ ਮਿੱਤਲ, ਰਾਜੇਸ਼ ਬੋਵਾ, ਕੌਂਸਲਰ ਰਾਜੇਸ਼ ਕੁਮਾਰ, ਅਮਰਿੰਦਰ ਮੀਰੀ, ਜਤਿੰਦਰ ਸਿੰਘ ਰੋਮੀ ਅਬਰਾਵਾਂ, ਸਤਵਿੰਦਰ ਸਿੰਘ ਮਿਰਜ਼ਾਪੁਰ, ਜੱਗੀ ਮਾਣਕਪੁਰ, ਧਰਮਿੰਦਰ ਸਿੰਘ, ਜਸਪ੍ਰੀਤ ਸਿੰਘ ਦਭਾਲੀ ਕਲਾ,ਸਰਪੰਚ ਹਰਬੰਸ ਕੌਰ ਦਭਾਲੀ, ਜਗਤਾਰ ਸਿੰਘ, ਕਮਲਜੀਤ ਸਿੰਘ, ਰਿੰਕੂ, ਕਮਲੇਸ਼ ਮਿਰਜ਼ਾਪੁਰ, ਸਰਪੰਚ ਹਰਭਜਨ ਸਿੰਘ ਕੋਟਲਾ, ਕਪਤਾਨ ਸਿੰਘ, ਕੇਵਲ ਸਿੰਘ, ਅਮਨ ਸੈਣੀ ਦੁਬਾਲੂ, ਗੁਰਸ਼ਰਨ ਸਿੰਘ ਵਿਰਕ ਸਮੇਤ ਵੱਖ-ਵੱਖ ਪਿੰਡਾ ਦੇ ਪੰਚ ਸਰਪੰਚ ਅਤੇ ਪਾਰਟੀ ਵਰਕਰ ਮੌਜੂਦ ਸਨ।

ਏਆਈ-ਅਧਾਰਤ ਮਿੱਟੀ ਸਿਹਤ ਮੈਪਿੰਗ ਨੂੰ ਉਤਸ਼ਾਹਿਤ ਕਰਨ ਲਈ ਆਈਆਈਟੀ ਰੋਪੜ, ANNAM.AI ਅਤੇ 9CAR-IISS ਭੋਪਾਲ ਵਿਚਕਾਰ ਸਮਝੌਤਾ ਸਹੀਬੱਧ

ਰੂਪ ਨਗਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ IIT ਰੋਪੜ ਵਿੱਚ ਭਾਰਤੀ ਤਕਨਾਲੋਜੀ ਸੰਸਥਾਨ (IIT) ਰੋਪੜ ਦੇ ਖੇਤੀਬਾੜੀ ਵਿੱਚ 19 ਉੱਤਮਤਾ ਕੇਂਦਰ ANNAM.AI ਅਤੇ ICAR – ਭਾਰਤੀ ਮਿੱਟੀ ਵਿਗਿਆਨ ਸੰਸਥਾਨ (IISS), ਭੋਪਾਲ ਵਿਚਕਾਰ ਇੱਕ ਮਹੱਤਵਪੂਰਨ ਸਮਝੌਤਾ ਪੱਤਰ (MoU) 'ਤੇ ਹਸਤਾਖਰ ਕੀਤੇ ਗਏ ਸਨ। ਇਸ ਸਹਿਯੋਗ ਦਾ ਉਦੇਸ਼ 19-ਸਮਰੱਥ ਮਿੱਟੀ ਸਿਹਤ ਮੈਪਿੰਗ ਸਾਧਨਾਂ ਦੇ ਵਿਕਾਸ ਨੂੰ ਤੇਜ਼ ਕਰਨਾ, ਇੱਕ 'ਡਿਜੀਟਲ ਮਿੱਟੀ ਜੁੜਵਾਂ' ਢਾਂਚਾ ਬਣਾਉਣਾ ਅਤੇ ਟਿਕਾਊ ਅਤੇ ਲਚਕੀਲਾ ਖੇਤੀਬਾੜੀ ਲਈ ਸ਼ੁੱਧਤਾ ਵਾਲੇ ਪੌਸ਼ਟਿਕ ਤੱਤ ਅਤੇ ਖਾਦ ਪ੍ਰਬੰਧਨ ਪਹੁੰਚਾਂ ਨੂੰ ਵਿਕਸਤ ਕਰਨਾ ਹੈ।

ਇਸ ਸਮਝੌਤੇ 'ਤੇ ਰਸਮੀ ਤੌਰ 'ਤੇ IIT ਰੋਪੜ ਵਿਖੇ IIT ਰੋਪੜ ਦੇ ਡਾਇਰੈਕਟਰ, ਪ੍ਰੋਫੈਸਰ ਰਾਜੀਵ ਆਹੂਜਾ ਅਤੇ ICAR-IISS ਦੇ ਡਾਇਰੈਕਟਰ, ਡਾ. ਸੋਨੋਰੰਜਨ ਮੋਹੰਤੀ ਦੁਆਰਾ IIT ਰੋਪੜ ਵਿਖੇ ਡਾ. ਜਿਤੇਂਦਰ ਕੁਮਾਰ, ਡੀਨ ਆਰ ਐਂਡ ਡੀ, 99" ਰੋਪੜ; ਡਾ. ਪੁਸ਼ਪੇਂਦਰ ਪਾਲ ਸਿੰਘ, ਡੀਨ ਕਾਰਪੋਰੇਟ, ਐਲੂਮਨੀ, ਪਲੇਸਮੈਂਟ ਅਤੇ ਰਣਨੀਤੀਆਂ (CAPS), IIT ਰੋਪੜ ਸਮੇਤ ਉੱਘੇ ਪਤਵੰਤਿਆਂ ਦੀ ਮੌਜੂਦਗੀ ਵਿੱਚ ਦਸਤਖਤ ਕੀਤੇ ਗਏ ਸਨ। ਡਾ. ਰਾਧਿਕਾ ਤ੍ਰਿਖਾ, ਮੁੱਖ ਸੰਚਾਲਨ ਅਧਿਕਾਰੀ, iHub AWaDH; ਡਾ. ਨਿਸ਼ਾਂਤ ਸਿਨਹਾ, ਸੀਨੀਅਰ ਵਿਗਿਆਨੀ, ICAR-IISS; ਡਾ. ਮੁਕੇਸ਼ ਕੇ ਸੈਣੀ, ਅਤੇ ਡਾ. ਸੁਮਨ ਕੁਮਾਰ, ਆਪਣੀਆਂ ਸਬੰਧਤ ਟੀਮਾਂ ਨਾਲ।

ਇਸ ਮੌਕੇ 'ਤੇ ਬੋਲਦੇ ਹੋਏ, ਡਾ. ਮਨੋਰੰਜਨ ਮੋਹੰਤੀ ਨੇ ਕਿਹਾ, ÷ਇਹ ਸਹਿਯੋਗ ਸਰੋਤ ਵਰਤੋਂ ਕੁਸ਼ਲਤਾ ਨੂੰ ਬਿਹਤਰ ਬਣਾਉਣ, ਭੂਮੀ ਦੇ ਪਤਨ ਨੂੰ ਉਲਟਾਉਣ ਅਤੇ ਰਾਸ਼ਟਰੀ ਅਤੇ ਵਿਸ਼ਵਵਿਆਪੀ ਤਰਜੀਹਾਂ ਦੇ ਅਨੁਸਾਰ ਸਮਾਰਟ ਖੇਤੀਬਾੜੀ ਅਭਿਆਸਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰੇਗਾ।

ਸਮਝੌਤਾ ਸਮਝੌਤਾ ਮਿੱਟੀ ਵਿਗਿਆਨ ਅਤੇ ਨਕਲੀ ਬੁੱਧੀ ਦੇ ਆਪਸੀ ਲਾਭ ਦੇ ਖੇਤਰਾਂ ਵਿੱਚ IIT ਰੋਪੜ ਅਤੇ ICAR-IISS ਵਿਚਕਾਰ ਵਿਗਿਆਨਕ ਅਤੇ ਅਕਾਦਮਿਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਹੈ, ਮਿੱਟੀ ਸਿਹਤ ਅਤੇ ਸ਼ੁੱਧਤਾ ਪੌਸ਼ਟਿਕ ਪ੍ਰਬੰਧਨ ਹੱਲਾਂ, ਮਿੱਟੀ ਸਿਹਤ ਮੈਪਿੰਗ ਟੂਲਸ, ਇੱਕ 'ਡਿਜੀਟਲ ਸੋਇਲ ਟਵਿਨ' ਫਰੇਮਵਰਕ, ਘੱਟ ਲਾਗਤ ਵਾਲੇ ਮਿੱਟੀ ਸੰਵੇਦਕ ਸੰਦ, ਅਤੇ ਮਿੱਟੀ ਦੇ ਪਤਨ ਲਈ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ 'ਨਾਲ ਸਬੰਧਤ ਚੁਣੌਤੀਆਂ 'ਤੇ ਕੇਂਦ੍ਰਿਤ ਫੀਲਡ-ਡਿਪਲੋਏਬਲ ਅਤੇ ਡੇਟਾ-ਸੰਚਾਲਿਤ ਹੱਲ ਵਿਕਸਤ ਕਰਕੇ। ਇਹ ਭਾਈਵਾਲੀ ਸੰਯੁਕਤ ਖੋਜ, ਤਕਨਾਲੋਜੀ ਵਪਾਰੀਕਰਨ, ਸਮਰੱਥਾ ਨਿਰਮਾਣ ਅਤੇ ਮਨੁੱਖੀ ਸਰੋਤ ਵਿਕਾਸ ਵਿੱਚ ਸਹਿਯੋਗ ਨੂੰ ਵੀ ਉਤਸ਼ਾਹਿਤ ਕਰੇਗੀ।

'ਈਕੋਜ਼ ਆਫ ਦ ਸੋਲ' ਵਿੱਚ ਜਜ਼ਬਾਤਾਂ ਦਾ ਸੈਲਾਬ

ਲੇਖਕਾ ਅਤੇ ਸਮਾਜ ਸੇਵੀ ਰਾਵੀ ਪੰਧੇਰ ਨੇ ਆਪਣਾ ਜਜ਼ਬਾਤੀ ਸਫ਼ਰ ਕੀਤਾ ਪੇਸ਼

ਪਟਿਆਲਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਰਾਵੀ ਪੰਧੇਰ ਵੱਲੋਂ ਲਿਖੇ ਮਨਮੋਹਕ ਕਾਵਿ ਸੰਗ੍ਰਹਿ 'ਈਕੋਜ਼ ਆਫ਼ ਦ ਸੋਲ' ਦਾ ਘੁੰਡ ਚੁਕਾਈ ਪ੍ਰੋਗਰਾਮ ਸ਼ਾਨਦਾਰ ਰਿਹਾ। ਬੀਤੇ ਦਿਨੀਂ ਚੰਡੀਗੜ੍ਹ ਸਥਿਤ ਬੇਜ ਕੈਫੇ ਵਿਖੇ ਕਰਵਾਏ ਇਸ ਪ੍ਰੋਗਰਾਮ ਵਿੱਚ ਸਾਹਿਤਕ ਉਤਸ਼ਾਹੀਆਂ, ਕਿਤਾਬ ਪ੍ਰੇਮੀਆਂ ਅਤੇ ਮੀਡੀਆ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ।

ਸਟੇਜ 'ਤੇ ਪਹੁੰਚਣ 'ਤੇ ਹਾਜ਼ਰੀਨ ਨੇ ਰਾਵੀ ਪੰਧੇਰ ਦਾ ਤਾੜੀਆਂ ਨਾਲ ਸਵਾਗਤ ਕੀਤਾ। ਨਿਮਰਤਾ ਅਤੇ ਜਨੂੰਨ ਨਾਲ, ਰਾਵੀ ਪੰਧੇਰ ਨੇ ÷ਈਕੋਜ਼ ਆਫ਼ ਦ ਸੋਲ÷ ਲਿਖਣ ਪਿੱਛੇ ਆਪਣੀ ਪ੍ਰੇਰਨਾ ਸਾਂਝੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਜਜ਼ਬਾਤੀ ਸਫ਼ਰ ਬਾਰੇ ਦੱਸਿਆ ਜਿਸਨੇ ਇਨ੍ਹਾਂ ਸਾਲਾਂ ਦੌਰਾਨ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਰਸਾਉਂਦੀਆਂ ਕਵਿਤਾਵਾਂ ਨੂੰ ਆਕਾਰ ਦਿੱਤਾ। ਜਦੋਂ ਰਾਵੀ ਪੰਧੇਰ ਨੇ ਚੋਣਵੀਆਂ ਕਵਿਤਾਵਾਂ ਪੜ੍ਹੀਆਂ ਜਿਨ੍ਹਾਂ ਨੂੰ ਦਰਸ਼ਕਾਂ ਨੇ ਬੜੇ ਧਿਆਨ ਨਾਲ ਸੁਣਿਆ। ਇਹ ਉਨ੍ਹਾਂ ਦੀਆਂ ਭਾਵਨਾਵਾਂ ਦੀ ਗੂੰਜ ਸੀ।

ਇਹ ਕਿਤਾਬ ਦਿਲਾਂ ਨੂੰ ਛੂਹਣ ਅਤੇ ਪ੍ਰੇਰਿਤ ਕਰਨ ਦਾ ਵਾਅਦਾ ਕਰਦੀ ਹੈ। ਰਾਵੀ ਪੰਧੇਰ ਨੇ ਦੱਸਿਆ ਕਿ ਆਪਣੀਆਂ ਦਿਲ ਨੂੰ ਟੁੰਬਦੀਆਂ ਕਵਿਤਾਵਾਂ ਅਤੇ ਬਿਰਤਾਂਤ ਨਾਲ, ਇਹ ਸੰਗ੍ਰਹਿ ਸਾਹਿਤਕ ਜਗਤ 'ਤੇ ਸਥਾਈ ਪ੍ਰਭਾਵ ਪਾਵੇਗਾ।

ਕਵਿਤਾਵਾਂ ਪੜ੍ਹਨ ਉਪਰੰਤ ਇੱਕ ਵਿਚਾਰ-ਵਟਾਂਦਰਾ ਸੈਸ਼ਨ ਕਰਵਾਇਆ ਗਿਆ ਜਿੱਥੇ ਲੇਖਿਕਾ ਨੇ ਦਰਸ਼ਕਾਂ ਨਾਲ ਗੱਲਬਾਤ ਕੀਤੀ, ਤੇ ਉਨ੍ਹਾਂ ਦੀ ਸਿਰਜਣਾਤਮਕ ਪ੍ਰਕਿਰਿਆ ਅਤੇ ਕਿਤਾਬ ਵਿਚਲੇ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਹੋਏ ਸਵਾਲ-ਜਵਾਬ ਸੈਸ਼ਨ ਵਿੱਚ ਹਾਜ਼ਰੀਨ ਨੇ ਡੂੰਘੇ ਸਵਾਲ ਪੁੱਛੇ।

ਪ੍ਰੋਗਰਾਮ ਦੌਰਾਨ ਸ਼ਾਮ ਤੱਕ ਮਹਿਮਾਨ ਇਕੱਠੇ ਹੁੰਦੇ ਰਹੇ ਅਤੇ ਸਾਹਿਤ ਤੇ ਜੀਵਨ ਬਾਰੇ ਚਰਚਾ ਕਰਦੇ ਰਹੇ। ਕਿਤਾਬ 'ਤੇ ਦਸਤਖਤ ਕਰਨ ਵਾਲੇ ਸੈਸ਼ਨ ਦੌਰਾਨ ਹਾਜ਼ਰੀਨ ਨੂੰ ਰਾਵੀ ਪੰਧੇਰ ਨਾਲ ਨਿੱਜੀ ਤੌਰ 'ਤੇ ਮਿਲਣ, ਆਪਣੀਆਂ ਕਾਪੀਆਂ 'ਤੇ ਦਸਤਖਤ ਕਰਵਾਉਣ ਅਤੇ ਪ੍ਰਸ਼ੰਸਾ ਦੇ ਸ਼ਬਦ ਸਾਂਝੇ ਕਰਨ ਦਾ ਮੌਕਾ ਮਿਲਿਆ।

ਪ੍ਰੋਗਰਾਮ ਦੀ ਸਮਾਪਤੀ ਰਾਵੀ ਪੰਧੇਰ ਨੇ ਦਿਲੋਂ ਧੰਨਵਾਦ ਕਰਦਿਆਂ, ਆਪਣੇ ਅਜ਼ੀਜ਼ਾਂ, ਪ੍ਰਕਾਸ਼ਕਾਂ ਅਤੇ ਪਾਠਕਾਂ ਦੇ ਸਮਰਥਨ ਦਾ ਧੰਨਵਾਦ ਕਰਦਿਆਂ ਕੀਤੀ। ਸਮਾਪਤੀ ਮੌਕੇ ਮਹਿਮਾਨ ਆਪਣੇ ਨਾਲ ਪ੍ਰਸਪਰ ਸਬੰਧ ਦੀ ਭਾਵਨਾ ਲੈ ਕੇ ਗਏ ਅਤੇ ਉਹ ਰਾਵ ਪੰਧੇਰ ਦੇ ਭਾਵੂਕ ਸ਼ਬਦਾਂ ਵਿੱਚ ਡੁੱਬਣ ਲਈ ਉਤਸੁਕ ਸਨ।

ਆਬਕਾਰੀ ਵਿਭਾਗ ਦੀ ਟੀਮ ਵੱਲੋਂ ਨਜਾਇਜ਼ ਸ਼ਰਾਬ ਵਿਰੁੱਧ ਕਾਰਵਾਈ

48 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਕਾਬੂ

ਨਾਭਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਬਕਾਰੀ ਵਿਭਾਗ ਅਤੇ ਜ਼ਿਲ੍ਹਾ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਨਜਾਇਜ਼ ਸ਼ਰਾਬ ਵੇਚਣ ਅਤੇ ਘਰ ਵਿੱਚ ਰੂੜੀ ਮਾਰਕਾ ਸ਼ਰਾਬ ਕੱਢਣ ਵਾਲਿਆਂ ਤੇ ਕਾਰਵਾਈ ਕਰਦੇ ਹੋਏ ਨਾਭਾ 'ਚ ਇਕ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਾਰਵਾਈ ਦੌਰਾਨ ਕੋਤਵਾਲੀ, ਨਾਭਾ ਵਿਖੇ 48 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਡਿਪਟੀ ਕਮਿਸ਼ਨਰ (ਆਬਕਾਰੀ) ਪਟਿਆਲਾ ਜ਼ੋਨ, ਪਟਿਆਲਾ ਸ਼੍ਰੀ ਤਰਸੇਮ ਚੰਦ ਅਤੇ ਸ੍ਰੀ ਰਾਜੇਸ਼ ਐਰੀ ਸਹਾਇਕ ਕਮਿਸ਼ਨਰ (ਆਬਕਾਰੀ) ਪਟਿਆਲਾ ਰੇਂਜ, ਪਟਿਆਲਾ ਅਤੇ ਆਬਕਾਰੀ ਪੁਲਿਸ ਦੇ ਕਪਤਾਨ ਸ਼੍ਰੀ ਸੁਖਮਿੰਦਰ ਸਿੰਘ ਚੌਹਾਨ ਦੇ ਮਾਰਗ ਦਰਸ਼ਨ ਵਿੱਚ ਆਬਕਾਰੀ ਅਫ਼ਸਰ, ਜ਼ਿਲ੍ਹਾ ਪਟਿਆਲਾ-2 ਸ਼੍ਰੀ ਸਰੂਪ ਇੰਦਰ ਸਿੰਘ ਸੰਧੂ ਦੀ ਦੇਖ-ਰੇਖ ਹੇਠ ਕੀਤੀ। ਆਬਕਾਰੀ ਅਫ਼ਸਰ, ਜ਼ਿਲ੍ਹਾ ਪਟਿਆਲਾ-2 ਸ਼੍ਰੀ ਸਰੂਪ ਇੰਦਰ ਸਿੰਘ ਸੰਧੂ ਨੇ ਦੱਸਿਆ ਕਿ ਵਿਭਾਗ ਨੇ ਫ਼ੀਲਡ ਅਪ੍ਰੇਸ਼ਨ ਵਧਾ ਦਿੱਤੇ ਹਨ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਵਿਆਪਕ ਜਾਂਚ ਕੀਤੀ ਜਾ ਰਹੀ ਹੈ। ਨਜਾਇਜ਼ ਸ਼ਰਾਬ ਦੇ ਨੈੱਟਵਰਕ ਨੂੰ ਟਰੈਕ ਕਰਨ ਅਤੇ ਉਸ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਆਬਕਾਰੀ ਨਿਰੀਖਕਾਂ ਦੀਆਂ ਟੀਮਾਂ 24 ਘੰਟੇ ਤਾਇਨਾਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਸਮੂਹ ਗ੍ਰਾਮ ਪੰਚਾਇਤਾਂ ਨਾਲ ਤਾਲ ਮੇਲ ਕਰਕੇ ਨਜਾਇਜ਼ ਸ਼ਰਾਬ ਪੀਣ ਦੇ ਨੁਕਸਾਨਦੇਹ ਅਸਰਾਂ ਬਾਰੇ ਨਾਗਰਿਕਾਂ ਨੂੰ ਸਿੱਖਿਅਤ ਕਰਨ ਲਈ ਇੱਕ ਲੋਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਨਸ਼ਾ ਮੁਕਤੀ ਮਾਰਚ ਨੂੰ ਸ਼ੁਤਰਾਣਾ ਹਲਕੇ ਦੇ ਪਿੰਡ ਅਤਾਲਾਂ, ਕਲਵਾਣੂ, ਹੀਰਾਨਗਰ ਡਰੌਲੀ, ਢਾਬੀ ਗੁੱਜਰਾਂ, ਸ਼ੇਰਗੜ੍ਹ ਤੇ ਗਲੌਲੀ 'ਚ ਭਰਵਾਂ ਹੁੰਗਾਰਾ

ਪਾਤੜਾਂ/ਸ਼ੁਤਰਾਣਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ੁਤਰਾਣਾ ਹਲਕੇ ਦੇ ਪਿੰਡਾਂ ਅਤਾਲਾਂ, ਕਲਵਾਣੂ, ਹੀਰਾਨਗਰ ਡਰੌਲੀ, ਢਾਬੀ ਗੁੱਜਰਾਂ, ਸ਼ੇਰਗੜ੍ਹ ਤੇ ਗਲੌਲੀ 'ਚ ਪੁੱਜੇ ਨਸ਼ਾ ਮੁਕਤੀ ਮਾਰਚ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਹੇਠ ਐਸ.ਡੀ.ਐਮ ਅਸ਼ੋਕ ਕੁਮਾਰ, ਬੀਡੀਪੀਓ ਬਘੇਲ ਸਿੰਘ ਔਜਲਾ, ਐਸ.ਐਮ.ਓ, ਸਬੰਧਤ ਥਾਣੇ ਤੇ ਪੁਲਿਸ ਚੌਕੀ ਦੇ ਐਸ.ਐਚ.ਓ ਸਮੇਤ ਯੂਥ ਆਗੂ ਗੁਰਮੀਤ ਸਿੰਘ ਵਿੱਕੀ ਅਤੇ ਪਿੰਡ ਡਿਫੈਂਸ ਕਮੇਟੀਆਂ ਦੇ ਮੈਂਬਰ ਲਗਾਤਾਰ ਇਸ ਮਾਰਚ ਵਿੱਚ ਸ਼ਿਰਕਤ ਕਰ ਰਹੇ ਹਨ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਹਲਕੇ ਦੇ ਹਰ ਪਿੰਡ ਵਿੱਚ ਦਸਤਕ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਲੋਕਾਂ

ਮੁੱਖ ਮੰਤਰੀ ਨੇ ਸਮਾਲਖਾ ਵਿੱਚ ਸੇਵਾ ਸਾਧਨਾ ਅਤੇ ਗ੍ਰਾਮ ਵਿਕਾਸ ਕੇਂਦਰ ਪਰਿਸਰ ਵਿੱਚ ਰਿਸ਼ੀਕੁਲਮ ਵੈਲਨੇਸ ਸੈਂਟਰ ਦਾ ਕੀਤਾ ਉਦਘਾਟਨ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਪਾਣੀਪਤ ਜਿਲ੍ਹੇ ਦੇ ਸਮਾਲਖਾ ਸਥਿਤ ਸੇਵਾ ਸਾਧਨਾ ਅਤੇ ਗ੍ਰਾਮ ਵਿਕਾਸ ਕੇਂਦਰ ਪਰਿਸਰ ਵਿੱਚ ਰਿਸ਼ੀਕੁਲਮ ਵੈਲਨੇਸ ਸੈਂਟਰ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੇਂਦਰ ਦੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਚੁੱਕਣ ਅਤੇ ਆਪਣੇ ਰੋਜਾਨਾ ਜੀਵਨ ਵਿੱਚ ਯੋਗ, ਆਯੂਰਵੇਦ ਅਤੇ ਕੁਦਰਤੀ ਥੈਰੇਪੀ ਨੂੰ ਅਪਣਾ ਕੇ ਇੱਕ ਸਿਹਤਮੰਦ ਜੀਵਨਸ਼ੈਲੀ ਨੂੰ ਪ੍ਰੋਤਸਾਹਨ ਦੇਣ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਂਦਰ ਦੀ ਸਥਾਪਨਾ ਜਿਨ੍ਹਾਂ ਉਦੇਸ਼ਾਂ ਨੂੰ ਲੈ ਕੇ ਕੀਤੀ ਗਈ ਸੀ, ਅੱਜ ਉਹ ਸਾਕਾਰ ਹੁੰਦੇ ਪ੍ਰਤੀਤ ਹੋ ਰਹੀ ਹੈ। ਇਹ ਕੇਂਦਰ ਨਾ ਸਿਰਫ ਗ੍ਰਾਮ ਵਿਕਾਸ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਕਦਮ ਹੈ, ਸਗੋ ਸਾਡੀ ਸਨਾਤਮ ਰਿਵਾਜ਼ਾਂ ਅਤੇ ਸੰਸਕਾਰਾਂ ਨੂੰ ਹੋਰ ਮਜਬੂਤ ਕਰ ਰਹੀ ਹੈ। ਉਨ੍ਹਾਂ ਨੇ ਇਸ ਮੌਕੇ 'ਤੇ ਸੰਸਥਾ ਨੂੰ 51 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੇਸ਼ ਨੂੰ ਦੋ ਚੀਜਾਂ ਦੀ ਜਰੂਰਤ ਹੈ, ਪਹਿਲੀ ਸਾਡੇ ਬੋਡਰ ਸੁਰੱਖਿਅਤ ਹੋਣ ਅਤੇ ਦੂਜਾ ਸਾਡਾ ਸ਼ਰੀਰ ਸਿਹਤੰਮਦ ਹੋਵੇ ਅਤੇ ਇਹ ਕੇਂਦਰ ਵੈਲਨੈਸ ਸੈਂਟਰ ਰਾਹੀਂ ਨਾਗਰਿਕਾਂ ਨੂੰ ਸਿਹਤ ਦੇ ਪ੍ਰਤੀ ਜਾਗਰੁਕ ਕਰੇਗਾ। ਉਨ੍ਹਾਂ ਨੇ ਕਿਹਾ ਕਿ ਇਸ ਕੇਂਦਰ ਵਿੱਚ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਪ੍ਰੋਤਸਾਹਿਤ ਅਤੇ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਰਸਾਇਨਿਕ ਕੀਟਨਾਸ਼ਕਾਂ ਦੇ ਬਹੁਤ ਵੱਧ ਵਰਤੋ ਤੋਂ ਬੱਚਣ ਅਤੇ ਕੁਦਰਤੀ ਖੇਤੀ ਦੇ ਵੱਲ ਵੱਧਣ।

ਮੁੱਖ ਮੰਤਰੀ ਨੇ ਕਿਹਾ ਕਿ ਸੇਵਾ ਸਾਧਨਾ ਅਤੇ ਗ੍ਰਾਮ ਵਿਕਾਸ ਕੇਂਦਰ ਵਿੱਚ ਅੱਤਆਧੁਨਿਕ ਸਹੂਲਤਾਂ ਨਾਲ ਲੈਸ ਸਕਿਲ ਸੈਂਟਰ ਸੰਚਾਲਿਤ ਕੀਤੇ ਜਾ ਰਹੇ ਹਨ, ਜਿੱਥੇ ਲਗਭਗ 450 ਨੌਜੁਆਨ ਸਿਖਲਾਈ ਪ੍ਰਾਪਤ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਰੁਜਗਾਰ ਦੇ ਮੌਕੇ ਵੀ ਉਪਲਬਧ ਕਰਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਨੌਜੁਆਨਾਂ ਦੀ ਮਹਤੱਵਪੂਰਣ ਭੂਮਿਕਾ ਹੈ ਅਤੇ ਇਹ ਕੇਂਦਰ ਉਨ੍ਹਾਂ ਨੂੰ ਉਸ ਦਿਸ਼ਾ ਵਿੱਚ ਮਾਰਗਦਰਸ਼ਨ ਅਤੇ ਸਾਧਨ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੰਸਥਾ ਨਾਲ ਜੁੜੇ ਹਰੇਕ ਵਿਅਕਤੀ ਦੀ ਇਹ ਜਿਮੇਵਾਰੀ ਬਣਦੀ ਹੈ ਕਿ ਇਹ ਸੰਸਥਾ ਨੂੰ ਹੋਰ ਵੱਧ ਉਚਾਈਆਂ ਤੱਕ ਲੈ ਜਾਣ ਵਿੱਚ ਆਪਣਾ ਸਰਗਰਮ ਯੋਗਦਾਨ ਦੇਣ।

ਇਸ ਮੌਕੇ 'ਤੇ ਸ੍ਰੀ ਮਾਧਨ ਜਨ ਸੇਵਾ ਨਿਆਸ ਦੇ ਚੇਅਰਮੈਨ ਪਵਲ ਜਿੰਦਨ ਨੇ ਕਿਹਾ ਕਿ ਇਹ ਵੈਲਨੇਸ ਸੈਂਟਰ ਉਨ੍ਹਾਂ ਲੋਕਾਂ ਲਈ ਨੀਂਹ ਦਾ ਪੱਥਰ ਹੋਵੇਗਾ ਜੋ ਤਨਾਅ ਮੁਕਤ ਰਹਿਣਾ ਚਾਹੁੰਦੇ ਹਨ। ਉਨ੍ਹਾਂ ਨੇ ਵੈਲਨੇਸ ਸੈਂਟਰ ਦਾ ਉਦਘਾਟਨ ਕਰਨ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਵੈਲੈਸ ਸੈਂਟਰ ਸਾਰੇ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ।

ਸਰਕਾਰੀ ਦਫ਼ਤਰਾਂ 'ਚ ਆਮ ਜਨਤਾ ਨੂੰ ਪਰੇਸ਼ਾਨ ਨਹੀਂ ਹੋਣ ਦਿਆਂਗੇ: ਮੋਹਿੰਦਰ ਭਗਤ

ਜਲੰਧਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਕਿਹਾ ਕਿ ਜਲੰਧਰ ਦੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਆਪਣੇ ਕੰਮ ਕਰਵਾਉਣ ਲਈ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ ਨਿਯਮਾਂ ਦੀ ਉਲੰਘਣਾ ਕਰਦਾ ਹੈ ਜਾਂ ਆਮ ਜਨਤਾ ਨੂੰ ਪਰੇਸ਼ਾਨ ਕਰਦਾ ਹੈ ਤਾਂ ਇਸ ਦੀ ਜਾਣਕਾਰੀ ਤੁਰੰਤ ਉਨ੍ਹਾਂ ਤੱਕ ਪਹੁੰਚਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ।

ਸ਼੍ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਮੁਕਤ ਪੰਜਾਬ ਦੀ ਸਿਰਜਣਾ ਲਈ ਭ੍ਰਿਸਟਾਚਾਰ ਕਰਨ ਵਾਲੇ ਅਧਿਕਾਰੀਆਂ 'ਤੇ ਸਖ਼ਤ ਕਾਰਵਾਈਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਹੁਣ ਕੰਮ ਬਿਨਾਂ ਰਿਸ਼ਵਤ ਤੋਂ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਦਫਤਰਾਂ ਦੇ ਸਾਰੇ ਅਧਿਕਾਰੀਆਂ ਨੂੰ ਸਖ਼ਤ ਹੁਕਮ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਆਮ ਨਾਗਰਿਕ ਨੂੰ ਦਫ਼ਤਰ ਵਿੱਚ ਆਉਣ 'ਤੇ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਾਫ਼, ਸੁਚੱਜਾ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਉਪਲਬਧ ਕਰਵਾਉਣਾ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਾਡਾ ਫਰਜ਼ ਵੀ ਹੈ।

ਦਰਿਆ ਜਿਹੀ ਡੂੰਘੀ ਛਾਪ ਛੱਡ ਗਿਆ ਚੈਨਲ ਸੁਪਨ ਉਡਾਰੀ ਵੱਲੋਂ ਕਰਵਾਇਆ ਕਵੀ ਦਰਬਾਰ ਕਵਿਤਾਵਾਂ ਦਾ ਦਰਿਆ

ਬਠਿੰਡਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਦੀ ਪੇਸ਼ਕਾਰੀ ਵਜੋਂ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਿਆ ਚੈਨਲ ਸੁਪਨ ਉਡਾਰੀ ਵੱਲੋਂ ਬੀਤੇ ਦਿਨੀਂ ਰੇਸ ਅਕੈਡਮੀ ਬਠਿੰਡਾ ਵਿਖੇ ÷ਕਵਿਤਾਵਾਂ ਦਾ ਦਰਿਆ÷ ਸਿਰਲੇਖ ਹੇਠ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿਚ ਸੱਤ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਰੇਸ ਅਕੈਡਮੀ ਦੇ ਵਿਦਿਆਰਥੀਆਂ ਨੂੰ ਗਦ ਗਦ ਕਰ ਦਿੱਤਾ।

ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਦੀ ਪ੍ਰੋਫ਼ੈਸਰ ਡਾਕਟਰ ਨਵਦੀਪ ਕੌਰ ਨੇ ਆਪਣੀ ਲੰਮੀ ਕਵਿਤਾ ÷ ਅਮਰਪਾਲੀ ÷ ਦੇ ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ। ਸਰੋਤਿਆਂ ਵੱਲੋਂ ਇਸ ਇਤਿਹਾਸਿਕ ਖ਼ੂਬਸੂਰਤ ਕਵਿਤਾ ਲਈ ਉਹਨਾਂ ਨੂੰ ਬਹੁਤ ਸਲਾਹਿਆ।

ਡਾਕਟਰ ਪ੍ਰਿ: ਭੀਮ ਸੈਨ ਸ਼ਰਮਾ ਨੇ ਆਪਣੀ ਕਵਿਤਾ ਦਰਦ ਬਹੁਤ ਖ਼ੂਬਸੂਰਤ ਅੰਦਾਜ਼ ਵਿਚ ਗਾ ਕੇ ਸੁਣਾਈ।

ਰਾਜਬੀਰ ਕੌਰ ਨੇ ਰੁੱਖਾਂ ਦੀ ਮਹੱਤਤਾ ਨੂੰ ਦਰਸਾਉਂਦੀ ਕਵਿਤਾ ਰੁੱਖ ਪੜ੍ਹੀ। ਜੋ ਅੱਜ ਦੇ ਸੰਦਰਭ ਵਿਚ ਰੁੱਖਾਂ ਦੀ ਮਹਾਨਤਾ ਬਾਰੇ ਲਿਖਣਾ ਕਿਸੇ ਵਿਰਲੇ ਬੰਦੇ ਦੇ ਹੀ ਹਿੱਸੇ ਆਉਂਦਾ ਹੈ।

ਹੁਣ ਵਾਰੀ ਸੀ ਸੋਨੂੰ ਸੰਧੂ ਦੀ ਜੋ ਕਿ ਚੈਨਲ ਸੁਪਨ ਉਡਾਰੀ ਦੀ ਸਲਾਹਕਾਰ ਵੀ ਹੈ, ਨੇ ਆਪਣੀ ਕਵਿਤਾ ਕੁੜੀਆਂ ਲੋਚਦੀਆਂ ਨਾਲ ਵਾਹ ਵਾਹ ਖੱਟਕੇ ਵੱਧੀਆ ਕਵਿੱਤਰੀ ਬਨ੍ਹਣ ਦਾ ਸਬੂਤ ਦਿੱਤਾ। ਰਾਜਵਿੰਦਰ ਸ਼ਮੀਰ ਨੇ ਆਪਣੀ ਕਵਿਤਾ ਮੇਰੇ ਤੋਂ ਆਸ ਨਾ ਰੱਖੋ ਸੁਣਾ ਕੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ।

ਇਸੇ ਤਰ੍ਹਾਂ ਸੇਵਾ ਮੁਕਤ ਪ੍ਰਿੰਸੀਪਲ ਸੁਰਿੰਦਰ ਸ਼ਰਮਾ ਨੇ ਬੱਚਿਆਂ ਨੂੰ ਮੁਖ਼ਾਤਿਬ ਹੁੰਦੇ ਹੋਏ ਉਹਨਾਂ ਦੇ ਹਾਣ ਦੀ ਕਵਿਤਾ ਪੜ੍ਹੀ।

ਜਸਪਾਲ ਜੱਸੀ ਨੇ ਜਿੱਥੇ ਆਪਣੀਆਂ ਕਵਿਤਾਵਾਂ ÷ ਕੀ ਪਾਬੰਦੀ ਹੈ ÷ ਅਤੇ ÷ ਤੱਤੀਏ ਹਵਾਏ ਮੇਰੇ ਸੱਜਣਾਂ ਦੇ ਦੇਸ ਜਾ ਕੇ , ਕੋਈ ਤੱਤੀ ਗੱਲ ਨਾ ਕਰੀਂ ਪੜ੍ਹਨ ਦੇ ਨਾਲ ਹੀ ਸਮੁੱਚੇ ਸਮਾਗਮ ਦਾ ਖ਼ੂਬਸੂਰਤ ਅੰਦਾਜ਼ ਵਿਚ ਮੰਚ ਸੰਚਾਲਨ ਵੀ ਕੀਤਾ। ਜਿਸਨੇ ਹਰੇਕ ਕਵੀ ਨੂੰ ਪੇਸ਼ ਕਰਨ ਤੋਂ ਪਹਿਲਾਂ ਸਬੰਧਤ ਕਵਿਤਾ ਨਾਲ ਸ਼ੇਅਰ ਭਾਵਪੂਰਤ ਵਿਲੱਖਣਤਾ ਨਾਲ ਪੜੇ।

ਇਸ ਮੌਕੇ 'ਤੇ ਵਿਸ਼ੇਸ਼ ਤੌਰ ਉੱਤੇ ਪਹੁੰਚੀ ਸਮਾਜ ਸੇਵਕਾ ਰੀਤੂ ਸਵੇਰਾ ਨੇ ਜਿੱਥੇ ਵਿਦਿਆਰਥੀਆਂ ਨਾਲ ਆਪਣੇ ਸਮਾਜ ਸੇਵਾ ਦੇ ਖੇਤਰ ਨਾਲ ਸਬੰਧਿਤ ਗੱਲਬਾਤ ਕੀਤੀ ਤੇ ਨਾਲ ਹੀ ਇਕੱਲੀ - ਇਕੱਲੀ ਕਵਿਤਾ ਦੀ ਪੜਚੋਲ ਵੀ ਕੀਤੀ।

ਇਸ ਮੌਕੇ 'ਤੇ ਰਿਟਾਇਰਡ ਅਧਿਆਪਕਾ ਵੀਨਾ ਸ਼ਰਮਾ ਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ। ਪ੍ਰੋਗਰਾਮ ਦੇ ਅਖ਼ੀਰ ਵਿਚ ਰੇਸ ਅਕੈਡਮੀ ਦੇ ਡਾਇਰੈਕਟਰ ਫ਼ਨਕਾਰ ਸ਼ਰਮਾ ਅਤੇ ਅਰੂਸ਼ੀ ਸ਼ਰਮਾ ਨੇ ਆਏ ਹੋਏ ਸਾਰੇ ਕਵੀਆਂ, ਮਹਿਮਾਨਾਂ ਅਤੇ ਚੈਨਲ ਦੇ ਸੰਚਾਲਕ ਸੱਤਪਾਲ ਮਾਨ , ਸਹਾਇਕ ਪੰਮਾ ਬੱਲੂਆਣਾ ਤੇ ਮੁੱਖ ਸਲਾਹਕਾਰ ਸੋਨੀ ਸੰਧੂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ।

ਇਸ ਪ੍ਰੋਗਰਾਮ ਲਈ ਚੈਨਲ ਸੁਪਨ ਉਡਾਰੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਜਿਸ ਵੱਲੋਂ ਕਰਵਾਇਆ ਇਹ ਕਵੀ ਦਰਬਾਰ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸਰੋਤਿਆਂ ਲਈ ਇੱਕ ਅਭੁੱਲ ਯਾਦ ਬਣਕੇ ਰਹਿ ਗਿਆ।

ਸ੍ਰੀ ਅਰਵਿੰਦ ਕੇਜਰੀਵਾਲ ਜੀ ਤੇ ਸ. ਭਗਵੰਤ ਸਿੰਘ ਮਾਨ 25 ਮਈ ਨੂੰ ਨਾਭਾ ਪਹੁੰਚ ਰਹੇ ਹਨ : ਦੇਵ ਮਾਨ

ਨਾਭਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਰਵਿੰਦ ਕੇਜਰੀਵਾਲ ਜੀ ਕਨਵੀਨਰ ਆਮ ਆਦਮੀ ਪਾਰਟੀ ਤੇ ਸਾ ਮੁੱਖ ਮੰਤਰੀ ਦਿੱਲੀ ਸਰਕਾਰ ਅਤੇ ਸਤਿਕਾਰਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵਿਸੇਸ਼ ਤੌਰ ਤੇ ਦਾਸ ਤੇ ਅਗਰਵਾਲ ਸਭਾ ਨਾਭਾ ਦੇ ਸੱਦੇ ਤੇ 25 ਮਈ 2025 ਦਿਨ ਐਤਵਾਰ ਠੀਕ 11 ਵਜੇ ਸਵੇਰੇ ਅਗਰਵਾਲ ਸਭਾ ਪਟਿਆਲਾ ਗੇਟ ਨਾਭੇ ਸ਼ਹਿਰ ਪਹੁੰਚ ਰਹੇ ਹਨ । ਨਿੱਘਾ ਸੱਦਾ ਦੇਣ ਲਈ ਦਾਸ ਦੇ ਨਾਲ ਸ੍ਰੀ ਅਸੋਕ ਬਾਂਸਲ ਜੀ ਪ੍ਰਧਾਨ ਅਵਨੀਸ ਗੋਇਲ , ਨੀਤਿਨ ਜੈਨ ਸੈਕਟਰੀ , ਠੇਕੇਦਾਰ ਓਮ ਪ੍ਰਕਾਸ ਪ੍ਰਧਾਨ ਅਗਰਸੈਨ ਜਿਲਾ ਪਟਿਆਲਾ , ਐਡਵੋਕੇਟ ਨਰੇਸ ਸਿੰਗਲਾ , ਅਨਿਲ ਗੁਪਤਾ ਜੀ, ਅੱਜ ਦਿੱਲੀ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਪਹੁੰਚੇ । ਉਨ੍ਹਾਂ ਦੇ ਨਾਲ ਵਿਸੇਸ਼ ਤੌਰ ਸ੍ਰੀ ਅਮਨ ਅਰੋੜਾ ਜੀ ਪ੍ਰਧਾਨ ਆਮ ਆਦਮੀ ਪਾਰਟੀ ਤੇ ਸ੍ਰੀ ਵਰਿੰਦਰ ਗੋਇਲ ਜੀ ਕੈਬਨਿਟ ਮੰਤਰੀ ਪੰਜਾਬ ਪਹੁੰਚ ਰਹੇ ਹਨ

ਡਾ. ਜਗਦੀਪ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ; ਮੁੱਖ ਮੰਤਰੀ ਮਾਨ ਵੱਲੋਂ ਸਵਾਗਤ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬੀ ਯੂਨੀਵਰਸਿਟੀ ਦੇ ਨਵ-ਨਿਯੁਕਤ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੂੰ ਵਧਾਈ ਦਿੱਤੀ।

ਇੱਕ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਡਾ. ਜਗਦੀਪ ਸਿੰਘ ਦੀ ਯੋਗ, ਫੈਸਲਾਕੁੰਨ ਅਤੇ ਦੂਰਦਰਸ਼ੀ ਅਗਵਾਈ ਹੇਠ ਯੂਨੀਵਰਸਿਟੀ ਅਕਾਦਮਿਕ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਤ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਆਮ ਤੌਰ 'ਤੇ ਪੰਜਾਬ ਅਤੇ ਖਾਸ ਕਰ ਕੇ ਮਾਲਵਾ ਖੇਤਰ ਦਾ ਮਾਣ ਹੈ।

ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਡਾ. ਜਗਦੀਪ ਸਿੰਘ ਸੰਸਥਾ ਦੀ ਪੁਰਾਣੀ ਸ਼ਾਨ ਬਹਾਲ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵੇਂ ਵਾਈਸ ਚਾਂਸਲਰ ਦੀ ਨਿਯੁਕਤੀ ਯੂਨੀਵਰਸਿਟੀ ਲਈ ਬੇਮਿਸਾਲ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਿੱਖਿਆ, ਸਿਹਤ ਤੇ ਰੋਜ਼ਗਾਰ ਸੂਬਾ ਸਰਕਾਰ ਦੇ ਧਿਆਨ ਦੇ ਮੁੱਖ ਕੇਂਦਰ ਹਨ ਅਤੇ ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ ਮਹੱਤਵਪੂਰਨ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਹੈ ਕਿ ਇਸ ਜਨਤਕ ਮਹੱਤਵ ਵਾਲੇ ਖੇਤਰ ਨੂੰ ਉਹ ਧਿਆਨ ਮਿਲੇ, ਜਿਸ ਦਾ ਇਹ ਹੱਕਦਾਰ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੇਕ ਕਾਰਜ ਦਾ ਉਦੇਸ਼ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣਾ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਨਸ਼ਾ ਮੁਕਤੀ ਯਾਤਰਾ ਮੁਹਿੰਮ ਨਸ਼ੇ ਨੂੰ ਕਰੇਗੀ ਜੜ੍ਹੋਂ ਖਤਮ : ਅੰਮ੍ਰਿਤਪਾਲ ਸਿੰਘ ਸੁਖਾਨੰਦ

ਅੰਮ੍ਰਿਤਸਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਦੇ ਹਰ ਇੱਕ ਪਿੰਡ ਅਤੇ ਸ਼ਹਿਰੀ ਖੇਤਰ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਜੋਸ਼ੋ ਖਰੋਸ਼ ਨਾਲ ਚੱਲ ਰਹੀ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਦੀ ਭਰਵੀਂ ਇਕੱਤਰਤਾ ਹੋ ਰਹੀ ਹੈ। ਇਹ ਪ੍ਰਗਟਾਵਾ ਵਿਧਾਇਕ ਬਾਘਾਪੁਰਾਣਾ ਸ੍ਰ. ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਅੱਜ ਹਲਕੇ ਦੇ ਵਾਰਡ ਨੰਬਰ 1, 2, 3 ਵਿਖੇ ਨਸ਼ਾ ਮੁਕਤੀ ਯਾਤਰਾ ਪ੍ਰੋਗਰਾਮ ਤਹਿਤ ਸੰਬੋਧਨ ਕਰਦਿਆਂ ਕੀਤਾ।

ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਸੂਬੇ ਨੂੰ ਨਸ਼ਾ ਮੁ

ਸੁੰਦਰਤਾ ਦੇ ਘਰੇਲੂ ਨੁਸਖ਼ੇ

ਰਸੋਈ ਵਿਚ ਹੀ ਸੁੰਦਰਤਾ ਦਾ ਖ਼ਜ਼ਾਨਾ ਛੁਪਿਆ ਹੈ ਜਿਸ ਦਾ ਲਾਭ ਤੁਸੀਂ ਬੜੀ ਆਸਾਨੀ ਨਾਲ ਲੈ ਸਕਦੇ ਹੋ...

ਕਮਲਜੀਤ ਕੌਰ

1. ਪੁਦੀਨੇ ਦੀਆਂ ਪੱਤੀਆਂ ਅਤੇ ਇਕ ਚਮਚ ਦਹੀਂ ਨੂੰ ਇਕੱਠੇ ਮਿਕਸ ਕਰ ਕੇ ਪੇਸਟ ਤਿਆਰ ਕਰ ਲਓ। ਇਸ ਨੂੰ ਮੁਹਾਸਿਆਂ ਦੇ ਉੱਪਰ ਲਗਾਉਣ ਅਤੇ ਦਸ ਪੰਦਰਾਂ ਮਿੰਟ ਦੇ ਬਾਅਦ ਚਿਹਰੇ ਨੂੰ ਸਾਫ਼ ਪਾਣੀ ਨਾਲ ਧੋ ਦਿਉ। ਇਸ ਨਾਲ ਮੁਹਾਸੇ ਸਾਫ਼ ਹੋਣੇ ਸ਼ੁਰੂ ਹੋ ਜਾਣਗੇ।

2. ਇਕ ਚਮਚ ਚੰਦਨ ਪਾਊਡਰ ਨੂੰ ਇਕ ਚਮਚ ਗੁਲਾਬ ਜਲ ਅਤੇ ਕੁਝ ਬੂੰਦਾਂ ਖੀਰੇ ਦੇ ਰਸ ਨਾਲ ਮਿਲਾ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਲਗਾ ਕੇ ਛੱਡ ਦਿਉ, ਸੁੱਕਣ ਦੇ ਬਾਅਦ ਚਿਹਰਾ ਸਾਫ਼ ਪਾਣੀ ਨਾਲ ਧੋ ਲਓ।

3. ਨਿੰਮ ਦੀਆਂ ਪੱਤੀਆਂ ਨੂੰ ਡੇਢ ਚਮਚ ਦਹੀਂ ਨਾਲ ਮਿਲਾਕੇ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਦਸ-ਪੰਦਰਾਂ ਮਿੰਟ ਤਕ ਲਗਾਕੇ ਸਾਫ਼ ਪਾਣੀ ਨਾ ਧੋ ਲਓ।

4. ਇਕ ਚਮਚ ਚੰਦਨ ਪਾਊਡਰ, ਇਕ ਚਮਚ ਦਲੀਆ ਅਤੇ ਅੱਧਾ ਚਮਚ ਯੀਸਟ ਨੂੰ ਦੁੱਧ ਅਤੇ ਇਕ ਅੰਡੇ ਦੀ ਸਫ਼ੇਦੀ ਨਾਲ ਮਿਲਾ ਕੇ ਇਕ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਲਗਾਓ ਅਤੇ ਠੰਢੇ ਪਾਣੀ ਨਾਲ ਚਿਹਰਾ ਸਾਫ਼ ਕਰ ਲਓ।

ਮਨੁੱਖ ਬਿਨਾਂ ਖਾਧੇ-ਪੀਤੇ ਦੇਰ ਤਕ ਜਿਉਂਦਾ ਰਹਿ ਸਕਦਾ ਹੈ ਪਰ ਜੇ ਪਾਣੀ ਪੀਣਾ ਛੱਡ ਦੇਵੇ ਤਾਂ ਉਸ ਲਈ ਜਿਉਂਦੇ ਰਹਿਣਾ ਮੁਸ਼ਕਲ ਹੈ।

ਜੀਵਨ ਦੀਆਂ ਬੂੰਦਾਂ

ਜਸਪ੍ਰੀਤ ਕੌਰ ਸੰਘਾ

ਧਰਤੀ 'ਤੇ ਪਾਣੀ ਦੀ ਹੋਂਦ ਤੋਂ ਬਿਨਾਂ ਜੀਵਨ ਸੰਭਵ ਨਹੀ ਜਾਂ ਕਹਿ ਸਕਦੇ ਹਾਂ ਇਸ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀ ਕੀਤੀ ਜਾ ਸਕਦੀ। ਇਸੇ ਕਰਕੇ ਹੀ ਧਰਤੀ ਨੂੰ ਪਾਣੀ ਵਾਲਾ ਗ੍ਰਹਿ ਕਿਹਾ ਜਾਂਦਾ ਹੈ। ਬਾਣੀ ਵਿਚ ਜਿੱਥੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ, ਉੱਥੇ ਹੀ ਪਾਣੀ ਨੂੰ ਵੀ 'ਪਿਤਾ' ਦਾ ਦਰਜਾ ਦੇ ਕੇ ਸਤਿਕਾਰਿਆ ਗਿਆ ਹੈ। ਪਾਣੀ ਦੇ ਇਸ ਮਹੱਤਵ ਕਾਰਨ ਹੀ 'ਵਿਸ਼ਵ ਜਲ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਪੂਰੇ ਵਿਸ਼ਵ ਨੂੰ ਸਾਫ਼-ਸੁਥਰਾ ਪਾਣੀ ਮੁਹੈਈਆ ਕਰਵਾਉਣਾ ਹੈ। ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿਚ ਸਾਲ 1992 ਵਿਚ ਹੋਏ ਇਕ ਸੰਮੇਲਨ ਵਿਚ ਵਿਸ਼ਵ ਜਲ ਦਿਵਸ ਮਨਾਉਣ ਦੀ ਪਹਿਲ ਕੀਤੀ ਗਈ। ਸਾਡੀ ਧਰਤੀ ਦਾ 70% ਤੋਂ ਜ਼ਿਆਦਾ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ। ਧਰਤੀ 'ਤੇ ਲਗਪਗ 97.5% ਪਾਣੀ ਸਮੁੰਦਰ ਵਿਚ ਹੈ, ਜੋ ਖਾਰਾ ਹੈ। ਧਰਤੀ 'ਤੇ ਲਗਪਗ 1.5% ਪਾਣੀ ਬਰਫ਼ ਦੇ ਰੂਪ ਵਿਚ ਹੈ। ਧਰਤੀ 'ਤੇ ਲਗਪਗ 1% ਤਾਜ਼ਾ ਪਾਣੀ ਨਦੀਆਂ, ਝੀਲਾਂ, ਤਲਾਬਾਂ ਤੇ ਝਰਨਿਆਂ ਵਿਚ ਹੈ, ਜੋ ਪੀਣ ਦੇ ਯੋਗ ਹੈ। ਇਸ 1% ਪਾਣੀ ਦਾ 60ਵਾਂ ਹਿੱਸਾ ਖੇਤੀ ਅਤੇ ਕਾਰਖਾਨਿਆਂ ਵਿਚ ਖਪਤ ਹੁੰਦਾ ਹੈ। 40% ਹਿੱਸਾ ਪੀਣ, ਭੋਜਨ ਬਣਾਉਣ, ਨਹਾਉਣ ਅਤੇ ਸਾਫ਼-ਸਫ਼ਾਈ ਲਈ ਵਰਤਿਆ ਜਾਂਦਾ ਹੈ।

ਧਰਤੀ 'ਤੇ ਮਨੁੱਖ, ਪਸ਼ੂ-ਪੰਛੀ ਸਭ ਨੂੰ ਜਿਉਂਦਾ ਰਹਿਣ ਲਈ ਪਾਣੀ ਦੀ ਜ਼ਰੂਰਤ ਹੈ ਪਰ ਅਸੀਂ ਇਨਸਾਨ ਆਪਣੀ ਅਣਗਹਿਲੀ ਕਾਰਨ ਨਦੀਆਂ, ਤਲਾਬਾਂ ਵਿਚ ਗੰਦਗੀ ਸੁੱਟ ਪੀਣਯੋਗ ਪਾਣੀ ਨੂੰ ਪ੍ਰਦੂਸ਼ਿਤ ਕਰ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਮਨੁੱਖ ਦੁਆਰਾ ਪਾਣੀ ਦੀ ਦੁਰਵਰਤੋਂ ਲਗਾਤਾਰ ਚਿੰਤਾ ਦਾ ਵਿਸ਼ਾ ਬਣ ਰਹੀ ਹੈ।

ਮਨੁੱਖ ਬਿਨਾਂ ਕੁਝ ਖਾਧੇ-ਪੀਤੇ ਤਾਂ ਦੇਰ ਤਕ ਜਿਉਂਦਾ ਰਹਿ ਸਕਦਾ ਹੈ ਪਰ ਜੇਕਰ ਉਹ ਪਾਣੀ ਪੀਣਾ ਛੱਡ ਦੇਵੇ ਤਾਂ ਉਸ ਲਈ ਜਿਉਂਦੇ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਦਾ ਮਨੁੱਖ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਸੰਭਾਲ ਕਰਨ ਦੀ ਬਜਾਏ ਪਾਣੀ ਨੂੰ ਡੁੱਘਾ ਕਰਨ ਦੇ ਨਾਲ-ਨਾਲ ਪ੍ਰਦੂਸ਼ਤ ਕਰਨ ਤੋਂ ਰੱਤੀ ਭਰ ਵੀ ਸੰਕੋਚ ਨਹੀਂ ਕਰ ਰਿਹਾ। ਜੇਕਰ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ ਵਿਚ ਵੀ ਆਉਂਦੇ ਕੁਝ ਸਾਲਾਂ ਤਕ ਪਾਣੀ ਦਾ ਸੰਕਟ ਪੈਦਾ ਹੋ ਜਾਵੇਗਾ। ਧਰਤੀ 'ਤੇ ਜੀਵਨ ਦੀ ਹੋਂਦ ਲਈ ਪਾਣੀ ਸਭ ਤੋਂ ਜ਼ਰੂਰੀ ਹੈ ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਰੋਕੀਏ ਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਪਾਣੀ ਹੈ ਜੀਵਨ ਦਾ ਅਨਮੋਲ ਰਤਨ, ਇਸ ਨੂੰ ਬਚਾਉਣ ਦਾ ਕਰੋ ਯਤਨ।'

ਜ਼ਰੂਰੀ ਨਹੀਂ ਕਿ ਸੱਜਣ ਸਾਡਾ ਗੁਆਂਢੀ, ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰ ਹੋਵੇ। ਸੱਜਣ ਤਾਂ ਦਿਲ ਮਿਲਿਆਂ ਦੇ ਮੇਲੇ ਵਾਂਗ ਹੁੰਦੇ ਹਨ ਜਿਸ ਨਾਲ ਪਲ ਭਰ ਦੀ ਮੁਲਾਕਾਤ ਹੀ ਉਸ ਨੂੰ ਹਮਦਮ ਬਣਾ ਦਿੰਦੀ ਹੈ। ਬਚਪਨ, ਜਵਾਨੀ ਜਾਂ ਬੁਢਾਪਾ, ਹਰ ਉਮਰ 'ਚ ਸੱਜਣਤਾਈ ਦੇ ਅਹਿਸਾਸ ਨੂੰ ਪਾਲਿਆ ਜਾ ਸਕਦਾ ਹੈ।

ਦਿਲ ਦੀਆਂ ਸਮਝਣ ਵਾਲੇ

ਸਤਨਾਮ ਸਿੰਘ ਕੰਬੋ

ਸਮਾਜਿਕ ਤਾਣੇ-ਬਾਣੇ ਵਿਚ ਘਿਰੀ ਕੁਲ ਲੋਕਾਈ ਲਈ ਅਜੋਕੇ ਪਦਾਰਥਵਾਦੀ ਦੌਰ ਵਿਚ ਤਣਾਅ ਮੁਕਤ ਰਹਿਣ ਦਾ ਇੱਕੋ-ਇਕ ਆਨੰਦਮਈ ਅਹਿਸਾਸ ਉਸ ਦਾ ਆਪਣਾ ਪਿਆਰਾ ਸੱਜਣ ਹੁੰਦਾ ਹੈ, ਜਿਸ ਨਾਲ ਆਪਣੇ ਦਿਲ ਦੀ ਹਰ ਰਮਜ਼ ਨੂੰ ਸਾਂਝਾ ਕੀਤਾ ਜਾ ਸਕਦਾ ਹੈ। ਇਹ ਸੱਜਣ ਹਰ ਦੁੱਖ-ਸੁੱਖ ਵਿਚ ਆਪਣੇ ਪਿਆਰਿਆਂ ਦਾ ਸਾਥ ਦਿੰਦਾ ਹੈ। ਹਰ ਮੁਸ਼ਕਿਲ ਸਮੇਂ ਵਿਚ ਉਸ ਦੀ ਢਾਲ ਬਣਕੇ ਖੜ੍ਹ ਦਾ ਹੈ।

ਮੋਹ ਦੀਆਂ ਤੰਦਾਂ

ਇਹ ਜ਼ਰੂਰੀ ਨਹੀਂ ਕਿ ਸੱਜਣ ਸਾਡਾ ਕੋਈ ਗੁਆਂਢੀ, ਰਿਸ਼ਤੇਦਾਰ ਜਾਂ ਕੋਈ ਪਰਿਵਾਰਕ ਮੈਂਬਰ ਹੋਵੇ। ਸੱਜਣ ਤਾਂ ਦਿਲ ਮਿਲਿਆਂ ਦੇ ਮੇਲੇ ਵਾਂਗ ਹੁੰਦੇ ਹਨ। ਜਿਸ ਨਾਲ ਪਲ ਭਰ ਦੀ ਮੁਲਾਕਾਤ ਉਸ ਨੂੰ ਸਾਡਾ ਹਮਦਮ ਬਣਾ ਦਿੰਦੀ ਹੈ। ਬਚਪਨ, ਜਵਾਨੀ ਜਾਂ ਹੋਵੇ ਬੁਢਾਪਾ, ਹਰ ਉਮਰ ਵਿਚ ਸੱਜਣਤਾਈ ਦੇ ਅਹਿਸਾਸ ਨੂੰ ਪਾਲਿਆ ਜਾ ਸਕਦਾ ਹੈ। ਬਚਪਨ ਵਿਚ ਬੱਚੇ ਨਾਲ ਸਭ ਤੋਂ ਵੱਧ ਮੋਹ ਮਾਂ ਦਾ ਹੁੰਦਾ ਹੈ। ਇਸ ਲਈ ਸੱਜਣਤਾਈ ਦੀ ਪਹਿਲੀ ਤੰਦ ਮਾਂ ਤੇ ਬੱਚੇ ਵਿਚਕਾਰ ਹੀ ਬੱਝਦੀ ਹੈ। ਫਿਰ ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਸਕੂਲ ਜਾਂਦਾ ਹੈ, ਆਂਢ-ਗੁਆਂਢ ਵਿਚ ਵਿਚਰਦਾ ਹੈ, ਉਸ ਦੇ ਦੋਸਤਾਂ ਦਾ ਘੇਰਾ ਵਿਸ਼ਾਲ ਹੁੰਦਾ ਜਾਂਦਾ ਹੈ।

ਪਿਆਰੇ ਦਾ ਸਾਥ

ਜਿਵੇਂ ਇਕ ਜੁਗਨੂੰ ਕਾਲੀ ਰਾਤ ਨੂੰ ਰੁਸ਼ਨਾ ਦਿੰਦਾ ਹੈ, ਠੀਕ ਉਸ ਤਰ੍ਹਾਂ ਹੀ ਕਿਸੇ ਪਿਆਰੇ ਸੱਜਣ ਦਾ ਸਾਥ ਜੀਵਨ ਰੂਪੀ ਜੋਤ ਜਗਾ ਦਿੰਦਾ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਖ਼ੁਸ਼ੀ ਦੇ ਸਮੇਂ ਤਾਂ ਸਾਰੇ ਹੀ ਸਾਡੇ ਨੇੜੇ-ਨੇੜੇ ਝੁਕਦੇ ਹਨ ਪਰ ਅਸਲੀ ਸੱਜਣ ਦੀ ਪਰਖ ਤਾਂ ਦੁੱਖ ਦੀ ਘੜੀ ਵਿਚ ਹੁੰਦੀ ਹੈ। ਇਸ ਘੜੀ ਵਿਚ ਜਿਹੜਾ ਵੀ ਵਿਅਕਤੀ ਨਿੱਜੀ ਸਵਾਰਥ ਨੂੰ ਤਿਆਗ, ਤੁਹਾਡੇ ਦਰਦ ਨੂੰ ਆਪਣਾ ਦਰਦ ਸਮਝਦਾ ਹੈ, ਓਹੀ ਤੁਹਾਡਾ ਸੱਜਣ ਹੈ।

ਸੱਜਣਤਾਈ

ਸੱਜਣ ਤਾਂ ਹੀ ਬਣ ਸਕਦੇ ਹਨ ਜੇ ਕਰ ਸਾਡੇ ਅੰਦਰ ਖ਼ੁਦ ਸੱਜਣਤਾਈ ਦੇ ਗੁਣ ਹੋਣ। ਕੁਦਰਤ ਦਾ ਵੀ ਇਹੀ ਦਸਤੂਰ ਹੈ ਜਿਸ ਤਰ੍ਹਾਂ ਦਾ ਤੁਸੀਂ ਬੀਜੋਗੇ ਉਸੇ ਤਰ੍ਹਾਂ ਦਾ ਪਾਓਗੇ। ਜੇ ਤੁਸੀਂ ਦੂਜਿਆਂ ਤੋਂ ਸਲੀਕੇ ਤੇ ਹਮਦਰਦੀ ਭਰੇ ਵਤੀਰੇ ਦੀ ਆਸ ਰੱਖਦੇ ਹੋ ਤਾਂ ਖ਼ੁਦ ਵੀ ਉਸ ਆਸ 'ਤੇ ਖ਼ਰਾ ਉਤਰਨਾ ਪੈਂਦਾ ਹੈ।

ਕੁਰਬਾਨੀ ਵਰਗੇ ਗੁਣ

ਇਮਾਨਦਾਰੀ, ਭਰੋਸੇਯੋਗਤਾ, ਮਿਲਣਸਾਰਤਾ ਅਤੇ ਕੁਰਬਾਨੀ ਵਰਗੇ ਗੁਣ ਸੱਜਣ ਦੀ ਚੋਣ ਦਾ ਪੈਮਾਨਾ ਹੁੰਦੇ ਹਨ। ਜੋ ਵੀ ਇਨਸਾਨ ਇਸ ਪੈਮਾਨੇ 'ਤੇ ਖ਼ਰਾ ਉਤਰ ਦਾ ਹੈ, ਉਸ ਨੂੰ ਹੀ ਸੱਜਣ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਸ ਪੈਮਾਨੇ 'ਤੇ ਖ਼ਰਾ ਉਤਰਨ ਵਾਲੇ ਇਨਸਾਨ ਤੋਂ ਕੋਈ ਵੀ ਕੰਮ ਲਿਆ ਜਾ ਸਕਦਾ ਹੈ ਕਿਉਂਕਿ ਜ਼ਿੰਮੇਵਾਰੀ ਦਾ ਅਹਿਸਾਸ ਇਕ ਇਮਾਨਦਾਰ ਤੇ ਭਰੋਸੇਯੋਗ ਵਿਅਕਤੀ ਨੂੰ ਹੀ ਹੁੰਦਾ ਹੈ। ਬੇਇਤਬਾਰੇ ਬੰਦੇ 'ਤੇ ਤਾਂ ਘਰ ਵਾਲੇ ਵੀ ਇਤਬਾਰ ਨਹੀ ਕਰਦੇ, ਫਿਰ ਸੱਜਣ ਦੁਆਰਾ ਇਤਬਾਰ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ।

ਮਿਲਣਸਾਰ

ਕਿਉਂਕਿ ਸੱਜਣ ਵਿਅਕਤੀ ਮਿਲਣਸਾਰ ਹੁੰਦੇ ਹਨ ਇਸ ਲਈ ਉਹ ਕਦੇ ਵੀ ਇਕਾਂਤ ਪਸੰਦ ਨਹੀਂ ਕਰਦੇ, ਇਕਾਂਤ ਤਾਂ ਉਨ੍ਹਾਂ ਨੂੰ ਖਾਣ ਨੂੰ ਪੈਂਦਾ ਹੈ। ਉਹ ਤਾਂ ਉਸ ਝਰਨੇ ਦੇ ਸਮਾਨ ਹੁੰਦੇ ਹਨ ਜੋ ਸਮੁੰਦਰ ਵਿਚ ਮਿਲੇ ਬਿਨਾਂ ਨਹੀਂ ਰਹਿ ਸਕਦਾ। ਅਜੋਕੇ ਸਮੇਂ ਵਿਚ ਸੰਕਟ ਦੇ ਬੱਦਲ ਕਿਸ ਦੇ ਸਿਰ ਆ ਪੈਣ, ਇਸ ਦਾ ਵੀ ਕੋਈ ਵਾਹ-ਵਾਸੋਲਾ ਨਹੀਂ ਹੁੰਦਾ। ਸੰਕਟ ਸਮੇਂ ਸੱਜਣ ਹੀ ਸਹਾਈ ਹੁੰਦਾ ਹੈ ਜੋ ਸੰਕਟ ਮੋਚਣ ਬਣ ਕੇ ਬੋਹੜਦਾ ਹੈ। ਹਜ਼ਾਰਾਂ ਦੁਰਜਣਾ ਨਾਲੋਂ ਤੁਹਾਡਾ ਭਲਾ ਮੰਗਣ ਵਾਲਾ ਇਕਲੌਤਾ ਸੱਜਣ ਹੀ ਕਾਫ਼ੀ ਹੁੰਦਾ ਹੈ ਜੋ ਮੁਸ਼ਕਿਲ ਦੀ ਘੜੀ ਵਿਚ ਹਮੇਸ਼ਾ ਸਾਥ ਦਿੰਦਾ ਹੈ।

ਸਿਆਣਪ

ਸਾਡੇ ਦੁਆਰਾ ਕੀਤੀ ਗਈ ਸੱਜਣ ਦੀ ਚੋਣ ਤੋਂ ਸਾਡੀ ਸਿਆਣਪ ਤੇ ਬੌਧਿਕਤਾ ਦਾ ਵੀ ਪਤਾ ਲੱਗਦਾ ਹੈ। ਗਿਣਾਤਮਕ ਨਾਲੋਂ ਕਿਸੇ ਗੁਣਾਤਮਕ ਇਨਸਾਨ ਦੀ ਸੱਜਣ ਦੇ ਤੌਰ 'ਤੇ ਚੋਣ ਕਰਨਾ ਹੀ ਸਾਡੀ ਸਮਝ ਨੂੰ ਦ੍ਰਿੜਾਉਂਦਾ ਹੈ। ਸੱਜਣ ਤਾਂ ਕਿਸੇ ਕਿਤਾਬ ਦੇ ਪੰਨਿਆਂ ਵਿਚਲੇ ਹਰਫ਼ਾਂ ਦੇ ਸਮਾਨ ਹੁੰਦਾ ਹੈ ਜਿਨ੍ਹਾਂ ਦਾ ਇਕੱਲਿਆਂ ਦਾ ਕੋਈ ਵਜੂਦ ਨਹੀਂ ਹੁੰਦਾ।

ਉਮਰ ਦੇ ਵੱਖ-ਵੱਖ ਪੜਾਅ

ਉਮਰ ਦੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਅਨੇਕਾਂ ਹੀ ਲੋਕ ਮਨੁੱਖ ਦੇ ਸੰਪਰਕ ਵਿਚ ਆਉਂਦੇ ਹਨ। ਇਨ੍ਹਾਂ ਵੱਖੋ-ਵੱਖ ਲੋਕਾਂ ਵਿੱਚੋਂ ਹੀ ਕੁਝ ਅਜਿਹੇ ਮਾਣਕ ਮੋਤੀ ਹੁੰਦੇ ਹਨ ਜਿਨ੍ਹਾਂ ਨੂੰ ਸੱਜਣ ਦੇ ਤੌਰ 'ਤੇ ਅਪਣਾਇਆ ਜਾਂਦਾ ਹੈ। ਇਕ ਗੱਲ ਤਾਂ ਸਪਸ਼ਟ ਹੈ ਕਿ ਸੱਜਣ ਸਿਰਫ਼ ਓਹੀ ਵਿਅਕਤੀ ਬਣ ਸਕਦਾ ਹੈ ਜਿਸ ਦੇ ਬੋਲਾਂ ਵਿੱਚੋਂ ਫੁੱਲਾਂ ਜਿਹੀ ਮਹਿਕ ਕਿਰਦੀ ਹੋਵੇ ਤੇ ਜਿਸ ਦੇ ਮਨ ਵਿਚ ਕਿਸੇ ਪ੍ਰਤੀ ਕੋਈ ਵੈਰ-ਭਾਵਨਾ ਨਾ ਹੋਵੇ। ਸੱਜਣ ਵਿਅਕਤੀ ਕਦੇ ਵੀ ਰਸਮੀ ਵਲਗਣਾਂ ਦੀ ਕੈਦ ਵਿਚ ਨਹੀਂ ਰਹਿਦੇ ਸਗੋਂ ਇਸ ਕੈਦ ਦੀਆਂ ਬੇੜੀਆਂ ਨੂੰ ਤੋੜਦੇ ਹੋਏ ਨਹਾਕੇ ਮਾਰਦੇ ਹੋਏ ਆਪਸ ਵਿਚ ਮਿਲਦੇ ਹਨ।

ਵਿਚਾਰਾਂ ਦੀ ਸਾਂਝ

ਸੱਜਣ ਦਾ ਚਿਹਰਾ ਤਾਂ ਉਸ ਸ਼ੀਸ਼ੇ ਸਮਾਨ ਹੁੰਦਾ ਹੈ, ਜਿਸ ਵਿੱਚੋਂ ਸਾਡਾ ਆਪਾ ਝਲਕਾਂ ਮਾਰਦਾ ਹੈ। ਇਸ ਝਲਕ ਦੇ ਆਸਰੇ ਹੀ ਅਸੀਂ ਆਪਣੀਆਂ ਅਨੇਕਾਂ ਉਣਤਾਈਆਂ ਨੂੰ ਦੂਰ ਕਰ ਪਾਉਂਦੇ ਹਾਂ। ਸੱਜਣਾਂ ਵਿਚਕਾਰ ਹਮੇਸ਼ਾ ਵਿਚਾਰਾਂ ਦੀ ਸਾਂਝ ਬਣੀ ਰਹਿੰਦੀ ਹੈ। ਤਲਖ਼ੀ ਵਾਲੀ ਬਹਿਸ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਇਕ ਦੂਸਰੇ ਦੇ ਬੋਲਾਂ 'ਤੇ ਪਹਿਰਾ ਦੇਣਾ ਹੀ ਸੱਜਣਤਾਈ ਦੀ ਨਿਸ਼ਾਨੀ ਹੈ। ਸੱਜਣ ਭਾਵੇਂ ਕੋਹਾਂ ਦੂਰ ਬੈਠਾ ਹੋਵੇ ਪਰ ਆਪਣੇ ਪਿਆਰੇ ਦੀ ਯਾਦ ਆਉਂਦੇ ਹੀ ਉਸ ਕੋਲ ਆ ਖੜ੍ਹਦਾ ਹੈ। ਜਦੋਂ ਇਨਸਾਨ ਦੇ ਦਿਲ 'ਤੇ ਉਦਾਸੀ ਦੀਆਂ ਘਟਾਘੋਰ ਘਟਾਵਾਂ ਛਾ ਜਾਣ ਤਾਂ ਉਨ੍ਹਾਂ ਘਟਾਵਾਂ ਨੂੰ ਸਾਫ਼ ਕਰ ਨੀਲੇ ਅਸਮਾਨ ਦੇ ਦਰਸ਼ਨ ਵੀ ਕੋਈ ਸੱਜਣ ਪਿਆਰਾ ਹੀ ਕਰਵਾ ਸਕਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਖ਼ੁਦ ਵਿਚ ਸੱਜਣਤਾਈ ਹੈ।

ਇਸ ਤਰ੍ਹਾਂ ਜੇ ਬੰਦਾ ਸੱਜਣ ਪੱਖੋਂ ਹੌਲਾ ਹੈ ਤਾਂ ਸਮਝੋ ਉਹ ਕੁੱਲ ਦੁਨੀਆ ਵਿਚ ਇਕੱਲਾ ਹੈ। ਅਜਿਹਾ ਬੰਦਾ ਕੰਧਾਂ ਵਿਚ ਟੱਕਰਾਂ ਮਾਰਨ ਤੋਂ ਸਿਵਾਏ ਕੁਝ ਕਰ ਨਹੀ ਸਕਦਾ।

ਕੁੜੱਤਣ

ਸੱਜਣ ਤਾਂ ਉਸ ਚਾਨਣ ਵਰਗਾ ਹੈ ਜਿਸ ਦਾ ਕੋਈ ਪਰਛਾਵਾਂ ਨਹੀਂ ਹੁੰਦਾ ਸਗੋਂ ਚਾਨਣ ਤਾਂ ਸਿਰਫ਼ ਚਾਨਣ ਹੀ ਬਿਖੇਰਦਾ ਹੈ। ਠੀਕ ਉਸੀ ਤਰ੍ਹਾਂ ਸੱਜਣ ਵੀ ਆਪਣੀ ਸੱਜਣਤਾਈ ਨਾਲ ਜੀਵਨ ਨੂੰ ਰੋਸ਼ਨਮਈ ਬਣਾ ਦਿੰਦਾ ਹੈ। ਸੱਜਣਾਂ ਵਿਚਕਾਰ ਅਜਿਹਾ ਅਟੁੱਟ ਰਿਸ਼ਤਾ ਹੁੰਦਾ ਹੈ ਜਿਸ ਤਰ੍ਹਾਂ ਇਕ ਫੁੱਲ ਦਾ ਡਾਲੀ ਨਾਲ ਹੁੰਦਾ ਹੈ। ਡਾਲੀ ਨਾਲੋਂ ਅਲੱਗ-ਥਲੱਗ ਹੁੰਦੇ ਹੀ ਬੇਜਾਨ ਹੋਇਆ ਫੁੱਲ ਆਪਣੀ ਮਹਿਕ ਖੋ ਬੈਠਦਾ ਹੈ। ਜੇਕਰ ਸੱਜਣਤਾਈ ਵਿਚ ਕੁੜੱਤਣ ਪੈਦਾ ਹੋ ਜਾਵੇ ਤਾਂ ਡਾਲੀ ਨਾਲੋਂ ਟੁੱਟੇ ਫੁੱਲ ਦੇ ਨਿਆਈਂ ਪਿਆਰ ਦੀ ਮਹਿਕ ਲੋਪ ਹੋ ਜਾਂਦੀ ਹੈ। ਸੋ ਸੱਜਣ ਸਾਡੇ ਜੀਵਨ ਰੂਪੀ ਬਗ਼ੀਚੇ ਦੇ ਉਹ ਫੁੱਲ ਹਨ ਜਿਨ੍ਹਾਂ ਸਾਰੀ ਉਮਰ ਖੁਸ਼ਬੂ ਬਿਖੇਰਦੇ ਰਹਿਣਾ ਹੈ, ਬਸ ਹੈ ਤਾਂ ਉਸ ਬਗ਼ੀਚੇ ਨੂੰ ਪਿਆਰ ਤੇ ਅਪਣੱਤ ਰੂਪੀ ਪਾਣੀ ਦੇਣ ਦੀ ਇਹ ਜ਼ਰੂਰਤ ਨੂੰ ਪੂਰਾ ਕਰਨਾ ਸਾਡਾ ਫ਼ਰਜ਼ ਹੈ।

ਬਾਬਲ ਤੇ ਧੀ ਦਾ ਰਿਸ਼ਤਾ

ਸੁਖਪਾਲ ਸਿੰਘ ਗਿੱਲ

ਸਾਹਿਤ ਦੀ ਬੁੱਕਲ ਵਿਚ ਛੁਪੇ ਆਪਣੇ ਵਿਰਸੇ 'ਤੇ ਝਾਤ ਮਾਰੀਏ ਤਾਂ ਇਉਂ ਲੱਗਦਾ ਹੈ ਕਿ ਬਹੁਤਾ ਵਿਰਸਾ ਅਤੀਤ ਦੀ ਬੁੱਕਲ ਵਿਚ ਬਿਰਾਜਮਾਨ ਹੋ ਕੇ ਰਹਿ ਗਿਆ ਹੈ। ਸਾਡਾ ਵਿਰਸਾ ਅਤੇ ਸੱਭਿਆਚਾਰ ਧੀਆਂ ਨੂੰ ਮਾਣ ਸਨਮਾਨ ਦਾ ਗਹਿਣਾ ਪਹਿਨਾਉਂਦਾ ਹੈ। ਧੀਆਂ ਦੇ ਮਾਣ ਵਿਚ ਬਹੁਤਾ ਕੁਝ ਸਮੇਂ ਦਾ ਹਾਣੀ ਤਾਂ ਨਹੀਂ ਬਣ ਸਕਿਆ ਪਰ ਇਨ੍ਹਾਂ ਤੋਂ ਬਿਨਾਂ ਬਾਬਲ ਦਾ ਵਿਹੜਾ ਅੱਜ ਵੀ ਸੁੰਨਾ ਹੈ। ਕੁੜੀਆਂ ਪ੍ਰਤੀ ਇਹ ਗੱਲ ਹਕੀਕਤ ਹੈ ਕਿ ਪਹਿਲੇ ਵੀ ਚਿੜੀਆਂ ਦੇ ਚੰਬੇ ਵਾਂਗ ਉਡ ਜਾਂਦੀਆਂ ਸਨ। ਅੱਜ ਵੀ ਸਮਾਂ ਆਉਣ 'ਤੇ ਬਾਬਲ ਦੇ ਵਿਹੜੇ ਨੂੰ ਸੁੰਨਾ ਕਰ ਕੇ ਪਰਾਏ ਘਰ

ਮਹੇਂਦਰਗੜ੍ਹ ਨੂੰ ਵਿਕਾਸ ਦੇ ਮਾਮਲੇ ਵਿੱਚ ਅੱਗੇ ਵਧਾਉਣ ਲਈ ਕੋਈ ਕਸਰ ਨਹੀਂ ਛੱਡੂੰਗਾ : ਮੁੱਖ ਮੰਤਰੀ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਮਹੇਂਦਰਗੜ੍ਹਵਾਸੀਆਂ ਨੂੰ ਵਿਕਾਸ ਪਰਿਯੋਜਨਾਵਾਂ ਦੀ ਸੌਗਾਤ ਦਿੰਦੇ ਹੋਏ 152 ਕਰੋੜ 87 ਲੱਖ 92 ਹਜਾਰ ਰੁਪਏ ਦੀ ਲਾਗਤ ਦੀ 30 ਪਰਿਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਕੀਤਾ। ਇੰਨ੍ਹਾਂ ਵਿੱਚ 81 ਕਰੋੜ 49 ਲੱਖ 30 ਹਜਾਰ ਰੁਪਏ ਦੀ ਲਾਗਤ ਦੀ 15 ਪਰਿਯੋਜਨਾਵਾਂ ਦਾ ਉਦਘਾਟਨ ਅਤੇ 71 ਕਰੋੜ 38 ਲੱਖ 62 ਹਜਾਰ ਰੁਪਏ ਲਾਗਤ ਦੀ 15 ਪਰਿਯੋਜਨਾਵਾਂ ਦਾ ਨੀਂਹ ਪੱਥਰ ਸ਼ਾਮਿਲ ਹੈ।

ਮਹੇਂਦਰਗੜ੍ਹ ਵਿਧਾਨਸਭਾ ਵਿੱਚ ਪ੍ਰਬੰਧਿਤ ਜਨਸਭਾ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਐਲਾਨਾਂ ਦਾ ਪਿਟਾਰਾ ਖੋਲਦੇ ਹੋਏ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੈ ਟਿਯੂਬਵੈਲ ਕਨੈਕਸ਼ਨ ਲਈ ਪੈਸੇ ਜਮ੍ਹਾ ਕਰਵਾ ਰੱਖੇ ਹਨ, ਅਜਿਹੇ 1450 ਟਿਯੂਬਵੈਲ ਕਨੈਕਸ਼ਨ ਨੂੰ ਅਗਲੇ 3 ਮਹੀਨੇ ਵਿੱਚ ਜਾਰੀ ਕੀਤਾ ਜਾਵੇਗਾ। ਇਸ ਤੋਂ ਇਲਾਵਾ, 2023 ਤੱਕ ਜਿਨ੍ਹਾਂ ਕਿਸਾਨਾਂ ਨੇ ਟਿਯੂਬਵੈਲ ਕਨੈਕਸ਼ਨ

ਲਈ ਬਿਨੈ ਕੀਤਾ ਹੈ, ਉਹ ਵੀ ਜਲਦੀ ਪੈਸੇ ਜਮ੍ਹਾ ਕਰਵਾ ਦੇਣ, ਉਨ੍ਹਾਂ ਦੇ ਕਨੈਕਸ਼ਨ ਵੀ ਜਲਦੀ ਜਾਰੀ ਕਰ ਦਿੱਤੇ ਜਾਣਗੇ।

ਮੁੱਖ ਮੰਤਰੀ ਨੇ ਮਹੇਂਦਰਗੜ੍ਹ ਵਿਧਾਨਸਭਾ ਵਿੱਚ ਇੱਕ ਨਵੀਂ ਅਨਾਜ ਮੰਡੀ ਬਨਾਉਣ ਦਾ ਵੀ ਐਲਾਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਪਿੰਡ ਵਿੱਚ ਜਮੀਨ ਉਪਲਬਧ ਹੋਣ @ਤੇ ਗਾਂ-ਅਭਿਆਰਣ ਬਣਾਇਆ ਜਾਵੇਗਾ। ਨਾਲ ਹੀ, ਪਿੰਡ ਉਸਮਾਪੁਰ, ਬਾਰੜਾ, ਖਾਤੌਦ ਜਾਂ ਜੜਵਾ ਵਿੱਚ ਜਮੀਨ ਉਪਲਬਧ ਕਰਵਾਉਣ @ਤੇ ਪਸ਼ੂ ਅਭਿਆਰਣ ਅਤੇ ਪਸ਼ੂ ਹਸਪਤਾਲ ਬਣਾਈ ਜਾਵੇਗੀ। ਇਸ ਦੇ ਲਈ ਉਨ੍ਹਾਂ ਨੇ 1 ਕਰੋੜ 51 ਲੱਖ ਰੁਪਏ ਦਾ ਐਲਾਨ ਕੀਤਾ। ਇਸ ਤੋਂ ਇਲਾਵਾ, ਪਿੰਡ ਡੀਗਰੋਤਾ ਦੇ ਪਸ਼ੂ ਡਿਸਪੈਂਸਰੀ ਨੂੰ 40 ਲੱਖ ਰੁਪਏ ਦੀ ਲਾਗਤ ਨਾਲ ਪਸ਼ੂ ਹਸਪਤਾਲ ਵਿੱਚ ਅੱਪਗ੍ਰੇਡ ਕੀਤਾ ਜਾਵੇਗਾ। ਨਾਲ ਹੀ, ਵੀਐਲਡੀਏ ਕਾਲਜ ਦੀ ਫਿਜੀਬਿਲਿਟੀ ਚੈਕ ਕਰਵਾ ਕੇ ਇਸ ਕੰਮ ਨੂੰ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਡਲਿਨਵਾਸ ਪਿੰਡ ਵਿੱਚ 33 ਕੇਵੀ ਅਤੇ ਮਹੇਂਦਰਗੜ੍ਹ ਸ਼ਹਿਰ ਵਿੱਚ 33 ਕੇਵੀ ਸਬ-ਸਟੇਸ਼ਨ ਸਥਾਪਿਤ ਕੀਤਾ ਜਾਵੇਗਾ। ਮਹੇਂਦਰਗੜ੍ਹ ਵਿਧਾਨਸਭਾ ਵਿੱਚ 56 ਕਲੋਨੀਆਂ ਵਿੱਚ ਬਿਜਲੀ ਵਿਵਸਥਾ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਮਹੇਂਦਰਗੜ੍ਹ ਸ਼ਹਿਰ ਵਿੱਚ ਐਲਟੀ ਲਾਇਨਾਂ ਦੀ ਥਾਂ ਐਲਟੀ ਸਿਰਫ ਪਾਈ ਜਾਵੇਗੀ। ਮਹੇਂਦਰਗੜ੍ਹ ਤੋਂ ਨਾਰਨੌਲ ਤੱਕ 33 ਹਜਾਰ ਕੇਵੀ ਦੀ ਬੰਦ ਪਈ ਲਾਇਨ ਨੂੰ ਹਟਾਇਆ ਜਾਵੇਗਾ।

ਉਨ੍ਹਾਂ ਨੇ ਐਲਾਨ ਕਰਦੇ ਹੋਏ ਕਿਹਾ ਕਿ ਪਿੰਡ ਪੰਚਾਇਤ ਖਾਤੌਦ ਵਿੱਚ ਜਮੀਨ ਉਪਲਬਧ ਕਰਵਾਉਣ @ਤੇ ਪ੍ਰਾਈਮਰੀ ਹੈਲਥ ਸੈਂਟਰ ਬਣਾਇਆ ਜਾਵੇਗਾ। 4 ਮਾਈਨਰਾਂ ਨਿਹਾਲਵਾਸ, ਜੈਰਪੁਰ, ਸੀਸੋਠ, ਖਾਇਰਾ ਦੇ ਮੁੜ ਨਿਰਮਾਣ ਲਈ 6 ਕਰੋੜ 60 ਲੱਖ ਰੁਪਏ ਦਾ ਐਲਾਨ ਕੀਤਾ। ਮਹੇਂਦਰਗੜ੍ਹ ਵਿਧਾਨਸਭਾ ਵਿੱਚ 180 ਕਿਲੋਮੀਟਰ ਲੰਬੀ ਸੜਕਾਂ ਦਾ ਮਜਬੂਤੀਕਰਣ ਕੀਤਾ ਜਾਵੇਗਾ। 7 ਸੜਕਾਂ, ਜਿਨ੍ਹਾਂ ਦੀ ਲੰਬਾਈ 36.85 ਕਿਲੋਮੀਟਰ ਹੈ, ਦੀ ਵੀ ਸਪੈਸ਼ਲ ਰਿਪੇਅਰ ਦਾ ਕੰਮ ਜੂਨ ਮਹੀਨੇ ਤੱਕ ਪੂਰਾ ਕਰ ਲਿਆ ਜਾਵੇਗਾ। 78.71 ਕਿਲੋਮੀਟਰ ਲੰਬਾਈ ਦੀ 16 ਸੜਕਾਂ ਦਾ ਵੀ ਸਪੈਸ਼ਲ ਰਿਪੇਅਰ ਦੇ ਤਹਿਤ ਨਵੀਨੀਕਰਣ ਕੀਤਾ ਜਾਵੇਗਾ, ਇਸ ਦੇ ਲਈ ਮੁੱਖ ਮੰਤਰੀ ਨੇ 44 ਕਰੋੜ 55 ਲੱਖ ਰੁਪਏ ਦਾ ਐਲਾਨ ਕੀਤਾ। ਉਨ੍ਹਾਂ ਨੇ ਮਹੇਂਦਰਗੜ੍ਹ ਵਿਧਾਨਸਭਾ ਦੇ 18 ਪਿੰਡਾਂ ਵਿੱਚ ਸਕੂਲਾਂ ਦੀ ਮੁਰੰਮਤ ਤੇ ਨਵੀਨੀਕਰਣ ਲਈ 5 ਕਰੋੜ 38 ਲੱਖ ਰੁਪਏ ਦਾ ਐਲਾਨ ਕੀਤਾ। ਇਸ ਤੋਂ ਇਲਾਵਾ, ਮਹੇਂਦਰਗੜ੍ਹ ਵਿੱਚ ਹਰਿਆਣਾ ਰੋਡਵੇਜ ਦਾ ਸਬ-ਡਿਪੂ ਬਣਾਇਆ ਜਾਵੇਗਾ। ਉਪਰੋਕਤ ਤੋਂ ਇਲਾਵਾ, ਮੁੱਖ ਮੰਤਰੀ ਨੇ ਮਹੇਂਦਰਗੜ੍ਹ ਵਿਧਾਨਸਭਾ ਦੇ ਵਿਕਾਸ ਕੰਮਾਂ ਲਈ ਵੱਖ ਤੋਂ 5 ਕਰੋੜ ਰੁਪਏ ਦੇਣ ਦਾ ਵੀ ਐਲਾਨ ਕੀਤਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਭੂਮੀ ਸੈਨਿਕਾਂ ਦੀ ਧਰਤੀ ਹੈ। ਇੱਥੇ ਹੀ 20 ਕਿਲੋਮੀਟਰ ਦੂਰ ਵੀਰਭੂਮੀ ਨਸੀਬਪੁਰ ਹੈ। ਨਸੀਬਪੁਰ ਦਾ ਯੁੱਧ ਭਾਰਤ ਦੇ ਪਹਿਲੇ ਸਵਾਧੀਨਤਾ ਸੰਗ੍ਰਾਮ ਦੇ ਇਤਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਜਦੋਂ 1857 ਵਿੱਚ ਅੰਗ੍ਰੇਜਾਂ ਨੇ ਪੂਰੇ ਭਾਰਤ ਨੂੰ ਆਪਣੇ ਜੁਲਮੀ ਪੰਜਿਆਂ ਵਿੱਚ ਕੱਸਣ ਦੀ ਕੋਸ਼ਿਸ਼ ਕੀਤੀ, ਉਦੋਂ ਇਸ ਧਰਤੀ ਦੇ ਯੋਧਾ ਰਾਓ ਤੁਲਾਰਾਮ ਨੇ ਬ੍ਰਿਟਿਸ਼ ਸੱਤਾ ਦੀ ਨੀਂਹ ਹਿਲਾ ਦਿੱਤੀ ਸੀ। ਸਾਡੀ ਵੀਰ ਧਰਤੀ ਦੇ ਸਪੂਤਾਂ ਨੇ ਹਰ ਯੁੱਧ ਵਿੱਚ ਦੇਸ਼-ਸੂਬੇ ਦਾ ਸਦਾ ਮਾਣ ਵਧਾਇਆ ਹੈ। ਚਾਹੇ ਉਹ ਆਜਾਦੀ ਦੀ ਲੜਾਈ ਸੀ ਅਤੇ ਆਜਾਦੀ ਦੇ ਬਾਅਦ 1962ਠ 1965, 1971 ਤੇ 1999 ਦੇ ਯੁੱਧ ਹੋਣ। ਹਾਲ ਹੀ ਵਿੱਚ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਵੀ ਸਾਡੇ ਵੀਰਾਂ ਨੇ ਦੁਨੀਆਂ ਨੂੰ ਇਹ ਦੱਸ ਦਿੱਤਾ ਹੈ ਕਿ ਜੇਕਰ ਕੋਈ ਭਾਰਤ ਨੂੰ ਛੇੜੇਗਾ ਤਾਂ ਭਾਰਤ ਉਸ ਨੂੰ ਛੱਡੇਗਾ ਨਹੀਂ।

ਵਿਕਾਸ ਕੰਮਾਂ ਦਾ ਬਿਊਰਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਤੋਂ ਹੁਣ ਤੱਕ ਮਹੇਂਦਰਗੜ੍ਹ ਵਿਧਾਨਸਭਾ ਖੇਤਰ ਵਿੱਚ 1570 ਕਰੋੜ ਰੁਪਏ ਦੀ ਲਾਗਤ ਦੇ ਵਿਕਾਸ ਕੰਮ ਕਰਵਾਏ ਹਨ।

ਮੰਡੀਆਂ ਤੋਂ 98.63 ਫੀਸਦੀ ਕਣਕ ਦਾ ਹੋਇਆ ਉਠਾਨ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੀ ਵੱਖ-ਵੱਖ ਮੰਡੀਆਂ ਵਿੱਚ ਹੁਣ ਤੱਕ 75.18 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ, ਜਿਸ ਵਿੱਚੋਂ 74.15 ਲੱਖ ਮੀਟ੍ਰਿਕ ਟਨ ਕਣਕ ਦਾ ਉਠਾਨ ਕੀਤਾ ਜਾ ਚੁੱਕਾ ਹੈ। ਯਾਨੀ ਮੰਡੀਆਂ ਤੋਂ 98.63 ਫੀਸਦੀ ਕਣਕ ਉਠਾਨ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਸੂਬਾ ਸਰਕਾਰ ਵੱਲੋਂ 4 ਲੱਖ 69 ਹਜਾਰ 830 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 16997.49 ਕਰੋੜ ਰੁਪਏ ਪਾਏ ਜਾ ਚੁੱਕੇ ਹਨ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਇੱਕ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਪਿਛਲੇ ਸਾਲ 17 ਮਈ ਤੱਕ ਸੂਬੇ ਦੀ ਵੱਖ-ਵੱਖ ਮੰਡੀਆਂ ਵਿੱਚ 71.50 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਸੀ।

ਉਨ੍ਹਾਂ ਨੇ ਦਸਿਆ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਹੈਫੇਡ, ਹਰਿਆਣਾ ਵੇਅਰ ਹਾਊਂਸਿੰਗ ਕਾਰਪੋਰੇਸ਼ਨ ਅਤੇ ਭਾਰਤੀ ਖੁਰਾਕ ਨਿਗਮ ਵੱਲੋਂ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਪਿਛਲੇ 4 ਸਾਲਾਂ ਦੀ ਤੁਲਣਾ ਵਿੱਚ ਸੂਬੇ ਵਿੱਚ ਇਸ ਸਾਲ 3.68 ਲੱਖ ਮੀਟ੍ਰਿਕ ਟਨ ਕਣਕ ਦੀ ਵੱਧ ਖਰੀਦ ਕੀਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਸੂਬੇ ਦੀ ਵੱਖ-ਵੱਖ ਮੰਡੀਆਂ ਵਿੱਚ ਇਸ ਸਾਲ 7.77 ਲੱਖ ਮੀਟ੍ਰਿਕ ਟਨ ਸਰੋਂ ਦੀ ਖਰੀਦ ਕੀਤੀ ਗਈ, ਜਿਸ ਵਿੱਚੋਂ 7.64 ਲੱਖ ਮੀਟ੍ਰਿਕ ਟਨ ਸਰੋਂ ਦਾ ਉਠਾਨ ਕੀਤਾ ਜਾ ਚੁੱਕਾ ਹੈ। ਸੂਬਾ ਸਰਕਾਰ ਵੱਲੋਂ ਹੁਣ ਤੱਕ 2 ਲੱਖ 59 ਹਜਾਰ 388ਅ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 4419.59 ਕਰੋੜ ਰੁਪਏ ਪਾਏ ਜਾ ਚੁੱਕੇ ਹਨ।

ਸੁਪਰੀਮ ਕੋਰਟ ਹਰਿਆਣਾ ਦੇ ਪ੍ਰੋਫੈਸਰ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ

ਨਵੀਂ ਦਿੱਲੀ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਸੋਮਵਾਰ ਨੂੰ ਅਸ਼ੋਕਾ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਅਲੀ ਖਾਨ ਮਹਿਮੂਦਾਬਾਦ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤ ਹੋ ਗਈ ਹੈ, ਜਿਸ ਵਿਚ Operation Sindoor ਨਾਲ ਸਬੰਧਤ ਸੋਸ਼ਲ ਮੀਡੀਆ ਪੋਸਟਾਂ ਲਈ ਉਸ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੱਤੀ ਗਈ ਸੀ।

ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਐਸੋਸੀਏਟ ਪ੍ਰੋਫੈਸਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਕਿਹਾ ਕਿ ਪਟੀਸ਼ਨਾਂ ਮੰਗਲਵਾਰ ਜਾਂ ਬੁੱਧਵਾਰ ਨੂੰ ਸੁਣਵਾਈ ਲਈ ਸੂਚੀਬੱਧ ਕੀਤੀਆਂ ਜਾਣਗੀਆਂ।

ਕਪਿਲ ਸਿੱਬਲ ਨੇ ਦਲੀਲਾਂ ਪੇਸ਼ ਕਰਨ ਮੌਕੇ ਕਿਹਾ, "ਉਨ੍ਹਾਂ ਨੂੰ ਦੇਸ਼ ਭਗਤੀ ਵਾਲੇ ਬਿਆਨ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਕਿਰਪਾ ਕਰਕੇ ਇਸ ਨੂੰ ਅੱਜ ਲਈ ਸੂਚੀਬੱਧ ਕੀਤਾ ਜਾਵੇ।"

ਜ਼ਿਕਰਯੋਗ ਹੈ ਕਿ ਪ੍ਰੋਫੈਸਰ ਨੂੰ ਐਤਵਾਰ ਨੂੰ Operation Sindoor ਨਾਲ ਸਬੰਧਤ ਉਨ੍ਹਾਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਲਈ ਸਖ਼ਤ ਦੋਸ਼ਾਂ ਹੇਠ ਦੋ ਐੱਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਹਰਿਆਣਾ ਰਾਜ ਮਹਿਲਾ ਕਮਿਸ਼ਨ ਨੇ ਹਾਲ ਹੀ ਵਿਚ ਐਸੋਸੀਏਟ ਪ੍ਰੋਫੈਸਰ ਨੂੰ ਉਨ੍ਹਾਂ ਦੀਆਂ ਟਿੱਪਣੀਆਂ 'ਤੇ ਸਵਾਲ ਚੁੱਕਦਿਆਂ ਇਕ ਨੋਟਿਸ ਭੇਜਿਆ ਸੀ, ਹਾਲਾਂਕਿ ਮਹਿਮੂਦਾਬਾਦ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਗਲਤ ਸਮਝਿਆ ਗਿਆ ਹੈ ਅਤੇ ਦਾਅਵਾ ਕੀਤਾ ਕਿ ਉਸ ਨੇ ਬੋਲਣ ਦੀ ਆਜ਼ਾਦੀ ਦੇ ਆਪਣੇ ਮੌਲਿਕ ਅਧਿਕਾਰ ਦੀ ਵਰਤੋਂ ਕੀਤੀ ਹੈ।

ਹਰਿਆਣਾ ਦੇ ਡੀਸੀਪੀ ਨਰਿੰਦਰ ਕਾਦਿਆਨ ਨੇ ਕਿਹਾ ਕਿ ਸੋਨੀਪਤ ਦੇ ਰਾਏ ਪੁਲੀਸ ਸਟੇਸ਼ਨ ਵਿਚ ਦੋ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਇਕ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਦੀ ਸ਼ਿਕਾਇਤ 'ਤੇ ਅਤੇ ਦੂਜੀ ਇਕ ਪਿੰਡ ਦੇ ਸਰਪੰਚ ਦੀ ਸ਼ਿਕਾਇਤ ਸੋਸ਼ਲ ਮੀਡੀਆ ਪੋਸਟਾਂ ਲਈ ਸਖ਼ਤ ਦੋਸ਼ਾਂ ਹੇਠ ਦੋ ਐੱਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।

ਹਰਿਆਣਾ ਰਾਜ ਮਹਿਲਾ ਕਮਿਸ਼ਨ ਨੇ ਹਾਲ ਹੀ ਵਿਚ ਐਸੋਸੀਏਟ ਪ੍ਰੋਫੈਸਰ ਨੂੰ ਉਨ੍ਹਾਂ ਦੀਆਂ ਟਿੱਪਣੀਆਂ 'ਤੇ ਸਵਾਲ ਚੁੱਕਦਿਆਂ ਇਕ ਨੋਟਿਸ ਭੇਜਿਆ ਸੀ, ਹਾਲਾਂਕਿ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਐਸੋਸੀਏਟ ਪ੍ਰੋਫੈਸਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਕਿਹਾ ਕਿ ਪਟੀਸ਼ਨਾਂ ਮੰਗਲਵਾਰ ਜਾਂ ਬੁੱਧਵਾਰ ਨੂੰ ਸੁਣਵਾਈ ਮਹਿਮੂਦਾਬਾਦ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਗਲਤ ਸਮਝਿਆ ਗਿਆ ਹੈ ਅਤੇ ਦਾਅਵਾ ਕੀਤਾ ਕਿ ਉਸ ਨੇ ਬੋਲਣ ਦੀ ਆਜ਼ਾਦੀ ਦੇ ਆਪਣੇ ਮੌਲਿਕ'ਤੇ ਅਧਾਰਤ ਹੈ।

ਨੌਜੁਆਨਾਂ ਨੂੰ ਖੇਡਾਂ ਵਿੱਚ ਪ੍ਰੋਤਸਾਹਿਤ ਕਰਨ ਦੇ ਨਾਲ-ਨਾਲ ਨੌਕਰੀ ਦੇਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਹੈ ਸਰਕਾਰ : ਗੌਰਵ ਗੌਤਮ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਡ, ਯੁਵਾ ਅਧਿਕਾਰਤਾ ਅਤੇ ਉਦਮਤਾ ਅਤੇ ਕਾਨੂੰਨ ਅਤੇ ਵਿਧਾਈ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਨੌਜੁਆਨਾਂ ਨੂੰ ਖੇਡਾਂ ਵਿੱਚ ਪ੍ਰੋਤਸਾਹਿਤ ਕਰਨ ਦੇ ਨਾਲ-ਨਾਲ ਨੌਕਰੀ ਦੇਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਹੈ।

ਖੇਡ ਮੰਤਰੀ ਸ੍ਰੀ ਗੌਰਵ ਗੌਤਮ ਅੱਜ ਪਲਵਲ ਵਿੱਚ ਨੇਤਾਜੀ ਸੁਭਾਸ਼ ਚੰਦਰ ਬੋਸ ਇੰਡੋਰ ਸਟੇਡੀਅਮ ਵਿੱਚ ਗਤ 26 ਜਨਵਰੀ ਨੂੰ ਪ੍ਰਬੰਧਿਤ ਜਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਵਿੱਚ ਪ੍ਰਤੀਭਾਗੀ ਵਿਦਿਆਰਥੀਆਂ ਦੇ ਇਨਾਮ ਵੰਡ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

ਖੇਡ ਮੰਤਰੀ ਸ੍ਰੀ ਗੌਰਵ ਗੌਤਮ ਨੇ ਨੌਜੁਆਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਸਿਸਿਖਆ ਦੇ ਨਾਲ-ਨਾਲ ਖੇਡ ਦੇ ਖੇਤਰ ਵਿੱਚ ਵੀ ਅੱਗੇ ਵੱਧਣ। ਖੇਡਾਂ ਵਿੱਚ ਬਿਹਤਰ ਪ੍ਰਦਰਸ਼ਨ ਕਰ ਆਪਣੇ ਮਾਤਾ-ਪਿਤਾ, ਪਿੰਡ ਤੇ ਜਿਲ੍ਹੇ ਤੇ ਸੂਬੇ ਦੇ ਨਾਂਅ ਰੋਸ਼ਨ ਕਰਨ।

ਉਨ੍ਹਾਂ ਨੇ ਕਿਹਾ ਕਿ ਪ੍ਰਸਾਸ਼ਨ ਦੇ ਅਧਿਕਾਰੀਆਂ ਅਤੇ ਅਧਿਆਪਕਾਂ ਨੂੰ ਵੀ ਸਮੇਂ-ਸਮੇਂ @ਤੇ ਅਜਿਹੇ ਪ੍ਰੋਗਰਾਮ ਪ੍ਰਬੰਧਿਤ ਕਰ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਦਾ ਕੰਮ ਕਰਨਾ ਚਾਹੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੌਜੁਆਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਾਉਣ ਦੇ ਉਦੇਸ਼ ਨਾਲ ਸਾਰੀ ਜਰੂਰੀ ਸਹੁਲਤਾਂ ਮਹੁਇਆ ਕਰਵਾ ਰਹੀ ਹੈ।

ਜਿਲ੍ਹਾ ਵਿੱਚ ਲਗਭਗ ਸਾਰੇ ਖੇਡਾਂ ਦੇ ਕੋਚ ਨਿਯੁਕਤ ਕੀਤੇ ਗਏ ਹਨ। ਇਸ ਤੋਂ ਇਲਾਵਾ ਜਿਨ੍ਹਾਂ ਖੇਡਾਂ ਲਈ ਕੋਚ ਨਹੀਂ ਹਨ, ਉਨ੍ਹਾਂ ਨੂੰ ਵੀ ਜਲਦੀ ਲਗਾਇਆ ਜਾਵੇਗਾ। ਇਸ ਤੋਂ ਇਲਾਵਾ, ਖੇਡ ਸਟੇਡੀਅਮਾਂ ਵਿੱਚ ਸਾਰੀ ਜਰੂਰੀ ਸਹੂਲਤਾਂ ਮਹੁਇਆ ਕਰਵਾਈ ਜਾਣਗੀਆਂ। ਇਸ ਮੌਕੇ @ਤੇ ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਵਿਦਿਆਰਥੀਆਂ ਨੂੰ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਵੱਧ -ਚੜ੍ਹ ਕੇ ਹਿੱਸਾ ਲੈਣ ਲਈ ਪ੍ਰੋਤਸਾਹਿਤ ਕੀਤਾ।

ਵਰਲਣਯੋਗ ਹੈ ਕਿ ਪਿਛਲੀ 26 ਜਨਵਰੀ 2025 ਨੂੰ ਜਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੂਬਾ ਸਰਕਾਰ ਵਿੱਚ ਮਾਲ ਅਤੇ ਆਪਦਾ ਪ੍ਰਬੰਧਨ, ਸ਼ਹਿਰ

ਸ਼ਬਦੋ ਵਲਜਾਰਿਓ

ਸਰਾਫ਼

ਪਰਮਜੀਤ ਢੀਂਗਰਾ
94173-58120

ਵੱਡੇ-ਵੱਡੇ ਸ਼ਹਿਰਾਂ ਵਿਚ ਜੌਹਰੀ ਬਜ਼ਾਰਾਂ ਵਾਂਗ ਸਰਾਫ਼ਾ ਬਜ਼ਾਰ ਵੀ ਹੁੰਦੇ ਹਨ ਜਿੱਥੇ ਆਮ ਤੌਰ 'ਤੇ ਸੋਨੇ, ਚਾਂਦੀ ਦੇ ਗਹਿਣਿਆਂ ਦਾ ਕਾਰੋਬਾਰ ਹੁੰਦਾ ਹੈ। ਮੂਲ ਰੂਪ ਵਿਚ ਇਹ ਅਰਬੀ ਜ਼ੁਬਾਨ ਦਾ ਸ਼ਬਦ ਹੈ। ਇਸ ਦੀ ਧਾੜ੍ਹ ਸਰ-ਫ ਹੈ ਜਿਸ ਵਿਚ ਭੁਗਤਾਨ ਅਤੇ ਵਿਕਰੀ ਦੇ ਭਾਵ ਜੁੜੇ ਹੋਏ ਹਨ। ਇਸ ਤੋਂ ਹੀ ਸਰਾਫ਼ ਸ਼ਬਦ ਬਣਿਆ ਜਿਸ ਦਾ ਅਰਥ ਹੈ-ਰੁਪਏ, ਗਹਿਣੇ, ਸੋਨੇ, ਚਾਂਦੀ ਦੇ ਭਾਂਡੇ, ਜ਼ੇਵਰਾਤ ਆਦਿ ਦਾ ਲੈਣ ਦੇਣ ਕਰਨ ਵਾਲਾ। ਨੋਟਾਂ ਦੇ ਬਦਲੇ ਛੋਟੇ ਨੋਟ ਬਦਲਣ ਵਾਲਾ। ਅਰਬੀ ਵਿਚ ਸਰਾਫ਼ ਦਾ ਇਕ ਰੂਪ ਸੈਰਾਫ਼ ਵੀ ਹੈ।

ਫ਼ਾਰਸੀ ਕੋਸ਼ਾਂ ਅਨੁਸਾਰ-ਸਰਾਫ਼ ਦਾ ਅਰਥ ਹੈ-ਪਰਖਣ ਵਾਲਾ, ਪਾਰਖੂ, ਚਾਂਦੀ, ਸੋਨਾ, ਅਸ਼ਰਫੀਆਂ ਆਦਿ ਪਰਖਣ ਵਾਲਾ, ਸੋਨੇ ਚਾਂਦੀ ਦਾ ਵਪਾਰੀ, ਵਿਆਕਰਣ ਦਾ ਅਚਾਰੀਆ। ਸ਼ਰਾਫ਼ਤ-ਸੋਨੇ ਚਾਂਦੀ ਦੀ ਪਰਖ। ਨਿਰੁਕਤ ਕੋਸ਼ ਅਨੁਸਾਰ-ਸੋਨੇ ਚਾਂਦੀ ਦਾ ਪਾਰਖੂ, ਅਸੀਰੀ (ਸਾਮ ਦੇਸ਼ ਦੀ ਭਾਸ਼ਾ) ਸਰਾਫ਼ੀ, ਸਿੱਕਿਆਂ ਦਾ ਲੈਣ ਦੇਣ ਕਰਨ ਵਾਲਾ। ਪੰਜਾਬੀ ਕੋਸ਼ ਅਨੁਸਾਰ -ਸੋਨੇ, ਚਾਂਦੀ ਦੇ ਜ਼ੇਵਰ, ਬਰਤਨ ਆਦਿ ਬਣਾਉਣ ਜਾਂ ਵੇਚਣ ਵਾਲਾ, ਭੰਨਘੜ ਵੇਚਣ ਵਾਲਾ ਸੇਠ, ਮੰਨਿਆ ਪ੍ਰਮੰਨਿਆ ਵਿਅਕਤੀ, ਇੱਜ਼ਤਦਾਰ ਆਦਮੀ, ਪਤਵੰਤਾ, ਭਲਾਮਾਣਸ ਬੰਦਾ। ਸਰਾਫ਼ਾ-ਸਰਾਫ਼ ਦਾ ਪੇਸ਼ਾ, ਸਰਾਫ਼ਾਂ ਦਾ ਬਜ਼ਾਰ, ਸਰਾਫ਼ੀ- ਸਰਾਫ਼ੀ ਦਾ ਕੰਮ, ਸਰਾਫ਼ ਦਾ ਧੰਦਾ, ਮਹਾਜਨੀ ਲਿੱਪੀ, ਲੰਡੇ, ਟਾਕਰੇ ਆਦਿ। ਅਰਬ ਮੁਲਕਾਂ ਨਾਲ ਤਜਾਰਤੀ ਸਬੰਧਾਂ ਕਰਕੇ ਸਦੀਆਂ ਪਹਿਲਾਂ ਇਹ ਲਫ਼ਜ਼ ਭਾਰਤੀ ਜ਼ੁਬਾਨਾਂ ਵਿਚ ਸ਼ਾਮਲ ਹੋਇਆ। ਅਰਬੀ ਤੋਂ ਇਹ ਫ਼ਾਰਸੀ ਵਿਚ ਗਿਆ। ਤਕਰੀਬਨ ਇਕ ਹਜ਼ਾਰ ਵਰ੍ਹੇ ਪਹਿਲਾਂ ਪਾਰਸੀਆਂ ਨੇ ਫਾਰਸ ਅਥਵਾ ਇਰਾਨ ਤੋਂ ਪਲਾਇਨ ਕੀਤਾ ਅਤੇ ਹਿੰਦੋਸਤਾਨ ਦੇ ਪੱਛਮੀ ਤੱਟ ਅਥਵਾ ਗੁਜਰਾਤ ਵਿਚ ਪੜਾ ਕੀਤਾ। ਉਨ੍ਹਾਂ ਨੇ ਕਈ ਧੰਦਿਆਂ ਵਿਚ ਕੰਮਕਾਰ ਕੀਤਾ ਪਰ ਇਨ੍ਹਾਂ 'ਚੋਂ ਪ੍ਰਮੁੱਖ ਰੁਪਏ ਪੈਸੇ ਦਾ ਲੈਣ ਦੇਣ ਸੀ। ਗੁਜਰਾਤ ਵਿਚ ਸਰਾਫ਼ ਉਪ ਨਾਮ ਵਜੋਂ ਵੀ ਪ੍ਰਚਲਤ ਹੈ। ਇਹ ਪਾਰਸੀਆਂ ਅਤੇ ਹਿੰਦੂਆਂ ਦੋਹਾਂ ਵਿਚ ਮਿਲਦਾ ਹੈ। ਅਰਬੀ ਦੇ ਸਰਾਫ਼ ਦਾ ਅੰਗਰੇਜ਼ੀ ਉਚਾਰਣ ਸ਼ਰਾਫ ਹੈ। ਹੁਣ ਇਹ ਨਾਂ ਦੁਨੀਆ ਵਿਚ ਪ੍ਰਚਲਤ ਹੋ ਗਿਆ ਹੈ। ਹਿਬਰੂ ਵਿਚ ਸਰ-ਫ' ਧਾੜ੍ਹ ਤੋਂ ਬਣਿਆ ਸ਼ਬਦ ਸੋਰੇਫ ਪ੍ਰਚਲਤ ਹੈ ਜਿਸ ਦਾ ਅਰਥ ਹੈ-ਸੋਨੇ ਦਾ ਵਪਾਰੀ ਅਥਵਾ ਸੁਨਿਆਰਾ।

ਚੀਨ ਵਿਚ ਵੀ ਇਹ ਅੰਗਰੇਜ਼ੀ ਸ਼ਬਦ ਪ੍ਰਚਲਤ ਰਿਹਾ ਹੈ। ਚੀਨ ਦੇ ਕੈਂਟਨ ਵਿਚ ਸ਼ਰਾਫਿੰਗ ਸਕੂਲ ਚਲਦੇ ਸਨ ਜਿੱਥੇ ਲੈਣ ਦੇਣ ਸਬੰਧੀ ਸਿਖਲਾਈ ਦਿੱਤੀ ਜਾਂਦੀ ਸੀ। ਅਰਬੀ ਵਿਚ ਇਕ ਸ਼ਬਦ ਹੈ-ਮਸਰਿਫ਼- ਜਿਸ ਦਾ ਅਰਥ ਹੈ ਵਿਤੀ ਲੈਣ ਦੇਣ। ਅੱਜ ਇਸ ਦਾ ਅਰਥ ਬੈਂਕ ਹੋ ਗਿਐ। ਇਹ ਵੀ ਇਸੇ ਕੜੀ ਦਾ ਹੀ ਸ਼ਬਦ ਹੈ। •

ਕਵਿਤਾਵਾਂ

ਗੁਰਮੀਤ ਕੜਿਆਲਵੀ
98726-40994

ਚੱਲ ਮੁੜ ਚੱਲੀਏ

ਏਸ ਦਰਾਂ ਤੋਂ ਕੁਝ ਨਹੀਂ ਮਿਲਿਆ
ਚੱਲ ਮੁੜ ਚੱਲੀਏ
ਏਸ ਦਰਾਂ ਤੋਂ ਕੁਝ ਨਹੀਂ ਮਿਲਣਾ
ਚੱਲ ਮੁੜ ਚੱਲੀਏ।

ਧੱਕੇ-ਧੋੜੇ, ਲਾਰੇ ਮਿਲਣੇ
ਕੁਝ ਮਿੱਠੇ ਕੁਝ ਖਾਰੇ ਮਿਲਣੇ
ਚੁੱਕ ਨੀ ਹੋਣਾ ਭਾਰ ਜਿਨ੍ਹਾਂ ਦਾ
ਪਰਬਤ ਵਰਗੇ ਭਾਰੇ ਮਿਲਣੇ
ਚੱਲ ਮੁੜ ਚੱਲੀਏ।

ਰੰਗ-ਬਿਰੰਗੇ ਸੁਪਨੇ ਵੇਂਡਦੇ
ਇਹ ਦਰ ਆਪਣੇ ਹੀ ਢੰਗ ਦੇ
ਭੋਲੇ ਪੰਛੀ ਫਸ ਜਾਂਦੇ ਨੇ
ਸਿਆਣੇ ਇਸ ਰਾਹੋਂ ਨ੍ਹੀਂ ਲੰਘਦੇ
ਚੱਲ ਮੁੜ ਚੱਲੀਏ।

ਇਹ ਦਰ ਸ਼ਰਮ-ਹਯਾ ਤੋਂ ਖ਼ਾਲੀ
ਇਹ ਦਰ ਜ਼ਹਿਰੀ ਬਾਗ਼ ਦੇ ਮਾਲੀ
ਕਿੱਥੋਂ ਮੋਹ ਦੀ ਹਾਕ ਭਾਲਦੈਂ
ਇਸ ਦਰ ਅੰਦਰ ਜੀਭਾ ਕਾਲੀ
ਚੱਲ ਮੁੜ ਚੱਲੀਏ।

ਇਸ ਦਰ ਅਰਜ਼ ਨਾ ਹੂਕ ਸੁਣੇਂਦੀ
ਨਾ ਮਜ਼ਲੂਮ ਦੀ ਕੂਕ ਸੁਣੇਂਦੀ
ਇਸ ਉੱਚੇ ਦਰ ਜੇ ਕੁਝ ਸੁਣਦੈ
ਬੱਸ ਨਾਗਾਂ ਦੀ ਸ਼ੂਕ ਸੁਣੇਂਦੀ
ਚੱਲ ਮੁੜ ਚੱਲੀਏ।

ਵਕਤ ਰਹੇ ਮੁੜ ਜਾਣਾ ਚੰਗਾ
ਦਿਲ ਤਾਈਂ ਸਮਝਾਣਾ ਚੰਗਾ
ਜੇ ਲੜਨੇ ਦੀ ਚਾਹਤ ਹੈ ਨਹੀਂ
ਫਿਰ ਪਿੱਛੇ ਮੁੜ ਆਣਾ ਚੰਗਾ
ਚੱਲ ਮੁੜ ਚੱਲੀਏ।

* * * *

ਪਿਆਰੀਏ ਪੰਜਾਬੀਏ ਨੀ

ਪਿਆਰੀਏ ਪੰਜਾਬੀਏ ਨੀ, ਬੋਲੀਏ ਨਵਾਬੀਏ ਨੀ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।
ਗੁਰੂਆਂ ਦੀ ਜਾਈਏ ਨੀ, ਸੀਸ ਵੀ ਝੁਕਾਈਏ ਨੀ
ਦੁਨੀਆਂ 'ਚ ਉੱਚੀ ਰਹੇ ਸ਼ਾਨ।

ਅਦਬਾਂ ਦੇ ਮੋਤੀਆਂ ਦੀ ਮਾਲਾ 'ਚ ਪਰੋਈ ਏਂ
ਕੁੱਲ ਦੁਨੀਆ 'ਚ ਮਕਬੂਲ ਤਾਹੀਓਂ ਹੋਈ ਏਂ
ਸ਼ਹਿਦ ਨਾਲੋਂ ਮਿੱਠੀਏ ਨੀ, ਬਾਣੀ ਵਿੱਚੋਂ ਡਿੱਠੀਏ ਨੀ
ਜਗ 'ਤੇ ਵਧਾਇਆ ਸਾਡਾ ਮਾਣ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਨਾਥਾਂ, ਜੋਗੀਆਂ ਬਣਾਈਆ ਤੈਨੂੰ ਸਮੇਂ ਦੀ ਹਾਣੀ
ਗੁਰੂਆਂ ਨੇ ਦਿੱਤਾ ਮਾਣ ਬਣਾ ਕੇ ਗੁਰ ਬਾਣੀ।
ਵਧੀ ਤੇਰੀ ਸ਼ਾਨ 'ਗੁਰੂ ਗ੍ਰੰਥ ਸਾਹਿਬ' ਰਾਹੀ
ਸਭ ਸੀਸ ਨੂੰ ਝੁਕਾ ਕੇ ਦੇਣ ਬਹੁਤਾ ਸਨਮਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਬਾਬਾ ਫ਼ਰੀਦ ਦੇ ਸ਼ਲੋਕਾਂ 'ਚ ਸਿੰਜੋਈ ਏਂ
'ਬੁੱਲ੍ਹੇ' ਦੀਆਂ ਕਾਫ਼ੀਆਂ ਦੇ ਰੰਗ-ਰੰਗੀ ਹੋਈ ਏਂ
ਲਿਖੀ ਵਾਰਿਸ ਨੇ 'ਹੀਰ', ਹਾਸ਼ਮ, ਪੀਲੂ, ਭਾਈ ਵੀਰ
ਤੈਨੂੰ ਅਪਣਾ ਕੇ ਬਣ ਗਏ ਵਿਦਵਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਇਕ-ਇਕ ਬੋਲ ਤੇਰਾ ਹੀਰਿਆਂ ਦੇ ਤੁੱਲ ਹੈ
ਮਾਂ ਨੂੰ ਭੁੱਲ ਜਾਣਾ ਸਭਨਾਂ ਤੋਂ ਵੱਡੀ ਭੁੱਲ ਹੈ
ਉਹ ਕੌਮਾਂ ਮਿਟ ਜਾਣ, ਜੋ ਨਾ ਦੇਣ ਸਨਮਾਨ
ਬੋਲੀਆਂ ਚੋਂ ਬੋਲੀ ਤੂੰ ਮਹਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਅੱਜ ਤੈਨੂੰ ਆਪਣੇ ਬੇਗ਼ਾਨੀ ਕਰੀ ਜਾ ਰਹੇ
ਧੀਆਂ ਪੁੱਤ ਤੇਰੇ ਅੰਗਰੇਜ਼ੀ ਗਲ੍ਹ ਲਾ ਰਹੇ
ਭਾਵੇਂ ਸਿੱਖੋ ਹਰ ਬੋਲੀ, ਪਰ ਮਾਂ ਨਾ ਪੈਰੀਂ ਰੋਲੀ,
'ਸਿੱਧੂ' ਚੁੱਕ ਸਹੁੰ ਕਰੀਏ ਨਾ ਬੋਲੀ ਦਾ ਅਪਮਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

• ਗੁਰਵਿੰਦਰ ਸਿੰਘ ਸਿੱਧੂ, 98154-86225

* * * *

ਡਾ. ਇੰਦਰਜੀਤ ਸਿੰਘ ਸੰਧੂ
95011-05656

ਇਤਬਾਰ

ਕੌਣ ਉਸ ਸ਼ਖ਼ਸ ਦਾ ਇਤਬਾਰ ਕਰੇਗਾ
ਕਿਉਂ ਮੁੜ ਆਪਣੇ ਜ਼ਖ਼ਮਾਂ 'ਤੇ ਵਾਰ ਕਰੇਗਾ
ਬੇਖੌਫ਼, ਵਿਸ਼ਾਲ, ਬੇਪਰਵਾਹ ਸਮੁੰਦਰ ਹੈ ਹੁਣ ਉਹ
ਕਿਉਂ ਉਹ ਨਦੀਆਂ ਦੀ ਤਬਾਹੀ ਤੋਂ ਡਰੇਗਾ।

ਉਸ ਦੀਆਂ ਰਾਤਾਂ ਵਿਚ ਹੈ ਅਜੀਬ ਹੀ ਉਲਝਣ
ਕਿਸ ਤਰ੍ਹਾਂ ਉਹ ਚੰਨ ਨੂੰ ਦਾਗ਼ੀ ਸਾਬਤ ਕਰੇਗਾ
ਪਿੱਤਲ ਦੇ ਛੱਲਿਆਂ ਦੀ ਮੁਹਤਾਜ ਹੈ ਪਰਵਾਜ਼
ਕਿਸ ਤਰ੍ਹਾਂ ਹੁਣ ਉਹ ਅਸਮਾਨਾਂ ਨੂੰ ਸਰ ਕਰੇਗਾ।

ਚਿਲਮਨ ਦੀ ਸ਼ਿਕਾਰ ਹੈ ਹਕੀਕਤ ਉਸ ਦੀ
ਕਿਉਂ ਮਹਿਫ਼ਲ ਵਿਚ ਸ਼ੀਰਾਂ ਤੋਂ ਪਰਦਾ ਕਰੇਗਾ
ਪੀਲੇ ਪੱਤਿਆਂ ਦੀ ਝਾਂਜਰ ਹੋ ਗਈ ਹੈ ਸ਼ਿੰਗਾਰ
ਕਿਉਂ ਹੁਣ ਉਹ ਨਵੀਆਂ ਬਹਾਰਾਂ ਨੂੰ ਸਜਦਾ ਕਰੇਗਾ।

ਗ਼ਜ਼ਲਾਂ

ਕੁਲਵਿੰਦਰ ਵਿਰਕ
78146-54133

ਬਲ਼ਦੇ ਰਹਿਣ ਚਿਰਾਗ਼ ਕਿ ਬਲ਼ਦੇ ਹੀ ਸੋਹਦੇ ਨੇ।
ਮੱਘਦੇ ਰਹਿਣ ਅੱਖਰ ਕਿ ਮੱਘਦੇ ਹੀ ਸੋਹਦੇ ਨੇ।

ਲੱਗਣ ਮਹਿਫ਼ਲਾਂ ਤੇ ਮਿਲਣ ਮਿੱਤਰ ਪਿਆਰੇ
ਲੱਗਦੇ ਰਹਿਣ ਮੇਲੇ ਕਿ ਲੱਗਦੇ ਹੀ ਸੋਹਦੇ ਨੇ।

ਨਾ ਮੁੱਕਣ ਜਜ਼ਬਾਤ ਕਦੇ
ਨਾ ਹੀ ਰੁਕਣ ਕਲਮਾਂ
ਫਲਦੇ ਰਹਿਣ ਖ਼ਿਆਲ ਕਿ ਫਲਦੇ ਹੀ ਸੋਹਦੇ ਨੇ।

ਪਹਿਨ ਕੇ ਬਾਣੇ ਰਹਿਣ ਤਿਆਰ ਸਦਾ 'ਸਰਦਾਰ'
ਵੱਜਦੇ ਰਹਿਣ ਨਗਾਰੇ ਕਿ ਵੱਜਦੇ ਹੀ ਸੋਹਦੇ ਨੇ।

ਗਾਉਣ ਕਲੀਆਂ ਫ਼ਨਕਾਰ ਤੇ ਲਾਉਣ ਯਾਰੋ ਹੇਕਾਂ
ਵੱਜਣ ਸਾਜ਼ ਸੁਹਾਵਣੇ ਕਿ ਵੱਜਦੇ ਹੀ ਸੋਹਦੇ ਨੇ।

ਨਾ ਭੁੱਲੇ ਧੁੜ ਰਾਹਵਾਂ ਦੀ
ਨਾ ਟੁੱਟੇ ਡੋਰ ਸਾਹਵਾਂ ਦੀ
ਚਲਦੇ ਰਹਿਣ ਰਾਹੀ
ਕਿ ਚਲਦੇ ਹੀ ਸੋਹਦੇ ਨੇ।

ਔੜ ਰਹੇ ਨਾ ਜਾਰੀ
ਹਰੀ ਹੋਵੇ ਇਹ ਧਰਤ ਸਾਰੀ
ਵਗਦੇ ਰਹਿਣ ਦਰਿਆ ਕਿ ਵਗਦੇ ਹੀ ਸੋਹਦੇ ਨੇ।

ਧੀ-ਪੁੱਤ ਨੂੰ ਮਿਲੇ ਖ਼ੁਸ਼ੀ ਨਾ ਕਰੇ ਕਿਸਾਨ ਖ਼ੁਦਕੁਸ਼ੀ
ਭਰ ਦੇ ਰਹਿਣ ਭੰਡਾਰ ਕਿ ਭਰਦੇ ਹੀ ਸੋਹਦੇ ਨੇ।

ਫੁੱਲਾ ਵਾਂਗੂ ਹੁਣ ਤਾਂ ਯਾਰੋ
ਹੱਸਣ ਨੂੰ ਦਿਲ ਕਰਦਾ ਹੈ।
ਬੁੱਲ੍ਹੇ ਵਾਂਗੂ ਧਮਾਲ ਪਾ ਕੇ
ਨੱਚਣ ਨੂੰ ਦਿਲ ਕਰਦਾ ਹੈ।

ਜਿਸ ਦੇ ਨਾਲ ਨਿਰੰਤਰ ਚਲਦੀ
ਸਰਗਮ ਸਾਡੇ ਸਾਹਾਂ ਦੀ,
ਉਸ ਦੇ ਬਾਰੇ ਰੌਲ਼ਾ ਪਾ ਕੇ
ਦੱਸਣ ਨੂੰ ਦਿਲ ਕਰਦਾ ਹੈ।

ਉਸ ਦੇ ਕੋਮਲ ਅਹਿਸਾਸਾਂ ਨੂੰ
ਹੋਰ ਨਾ ਕੋਈ ਮਾਣ ਸਕੇ,
ਦਿਲ ਦੇ ਕੋਨੇ ਵਿਚ ਛੁਪਾ ਕੇ
ਰੱਖਣ ਨੂੰ ਦਿਲ ਕਰਦਾ ਹੈ।

ਜਿੱਥੇ ਸਾਡਾ ਪਿਆਰਾ ਵਸਦਾ
ਘਰ ਉਹ ਜੰਨਤ ਵਰਗਾ ਹੈ,
ਚੋਰੀ-ਚੋਰੀ ਤਾਕੀ ਰਾਹੀਂ
ਤੱਕਣ ਨੂੰ ਦਿਲ ਕਰਦਾ ਹੈ।

ਉਸ ਦੇ ਨੈਣਾਂ ਵਿਚ ਤਾਂ ਯਾਰੋ
ਇਕ ਸਮੁੰਦਰ ਸ਼ਾਂਤ ਜਿਹਾ,
ਨੀਲੇ-ਨੀਲੇ ਸਾਗਰ ਦੇ ਵਿਚ
ਵੱਸਣ ਨੂੰ ਦਿਲ ਕਰਦਾ ਹੈ।

ਅੱਖਾਂ ਦੇ ਉਹ ਸਾਹਵੇਂ ਆ ਕੇ
ਖ਼ੁਦ ਹੀ ਆਪ ਖਲੋ ਜਾਵੇ,
ਇਸ਼ਕੇ ਦੇ ਵਿਚ ਹੱਦਾਂ ਬੰਨੇ
ਟੱਪਣ ਨੂੰ ਦਿਲ ਕਰਦਾ ਹੈ।

ਹਾਸਾ ਕਲਕਲ ਵਰਗਾ ਸੱਚੀਂ
ਚਿਹਰੇ ਉੱਤੇ ਨੂਰ ਬੜਾ,
'ਪੰਬੋ' ਸ਼ੋਖ ਅਦਾਵਾਂ ਤਾਈਂ
ਲੁੱਟਣ ਨੂੰ ਦਿਲ ਕਰਦਾ ਹੈ।

ਜਗਤਾਰ ਪੱਖੋ
94651-96946

ਡਾ. ਜਸਵੀਰ ਕੌਰ ਭੱਲਮਾਜਰਾ
98157-32852

ਮਹਿਫ਼ਿਲ 'ਚ ਬਹਿ ਕੇ
ਹੋਸ਼ 'ਚ ਰਹਿਣਾ ਕੇਹਾ ਝੱਲ ਸੀ।
ਮੈਖ਼ਾਨੇ ਅੰਦਰ ਸਾਕੀ ਦਾ
ਹੋਣਾ ਤਾਂ ਆਮ ਗੱਲ ਸੀ।

ਕਾਹਤੋਂ ਰੁੱਸ ਕੇ ਜਾ ਬੈਠਿਆ
ਤੂੰ ਮਾਰ ਉਡਾਰੀਆਂ,
ਦੱਸ ਜਾਂਦਾ ਸਾਡੀ ਖ਼ਤਾ
ਐਡੀ ਕਿਹੜੀ ਗੱਲ ਸੀ।

ਚਰਖਾ ਗ਼ਮਾਂ ਵਾਲਾ ਦੱਸ
ਕਿਵੇਂ ਕੱਤਦੀ ਨਿਮਾਣੀ ਜਿੰਦ?
ਟੋਕਰਾ ਸੀ ਪੂਣੀਆਂ ਦਾ
ਤੰਦ ਪਾਉਣ ਦਾ ਨਾ ਬਲ ਸੀ।

ਖ਼ੁਸ਼ੀਆਂ ਤਕ ਵੀ ਪਹੁੰਚ ਹੀ
ਜਾਣਾ ਸੀ ਜਿਵੇਂ-ਕਿਵੇਂ ਮੈਂ,
ਠੀਕ ਉਦੋਂ ਹੀ ਗ਼ਮਾਂ ਨੇ ਲਿਆ
ਰਾਹ ਮੇਰਾ ਮੱਲ ਸੀ।

ਵਫ਼ਾ ਪੁਗਾਉਣੀ ਤਾਂ ਹੁਣ
ਰਾਂਝੇ ਦੇ ਹੀ ਹੱਥ 'ਚ ਸੀ,
ਹੀਰ ਨੇ ਤਾਂ ਕਬੂਤਰ ਹੱਥ
ਸੁਨੇਹਾ ਦਿੱਤਾ ਘੱਲ ਸੀ।

ਮਾਫ਼ ਕਰੀਂ ਤੂੰ ਸੱਜਣਾ
ਨਿਭਾਈਆਂ ਰੀਤਾਂ ਜਗ ਦੀਆਂ,
ਦਿਲ ਦੇ ਦਰਵਾਜ਼ੇ ਢੋਹ ਲਏ,
ਹੋਰ ਨਾ ਕੋਈ ਹੱਲ ਸੀ।

ਅਜੇ ਤਕ ਵੀ ਉਹ ਘਿਰਿਆ ਸੀ
ਆਪਣਿਆਂ ਦੇ ਝੁਰਮਟ 'ਚ,
ਤੇ ਅਜੇ ਤਕ ਵੀ ਮੇਰੀ ਝੋਲੀ
ਉਹੀ ਸਦੀਵੀ ਇਕੱਲ ਸੀ।

ਦੋਹੇ

ਸਵਰਨਦੀਪ ਸਿੰਘ ਨੂਰ
75891-19192

ਬੰਦ ਕੀਤੇ ਕੈਨ ਹਾਕਮਾਂ, ਹੋਈ ਚੁੱਪ ਜ਼ੁਬਾਨ।
ਰੱਬ ਦੇ ਵਿਹੜੇ ਬੈਠ ਕੇ, ਮਨ ਦੀ ਕਰੇ ਸ਼ੈਤਾਨ।

ਹੂਕ ਧਰਤ ਨੂੰ ਚੀਰਿਆ ਤੇ ਕੰਬ ਗਿਆ ਅਸਮਾਨ।
ਉਸ 'ਤੇ ਕੋਈ ਅਸਰ ਨਾ, ਰੂਹ ਬਣੀ ਸ਼ਮਸ਼ਾਨ।

ਧੀਆਂ ਦੇ ਕਿਉਂ ਕੀਰਨੇ, ਸੀਨੇ ਪਾਉਣ ਨਾ ਸੱਲ।
ਤਖ਼ਤਾਂ ਦਿਆ ਪੁਜਾਰੀਆ, ਕਿਉਂ ਨਾ ਕੱਢੇ ਹੱਲ।

ਜ਼ਰਾ-ਜ਼ਰਾ ਡੁਸਕਦਾ, ਕੈਸੇ ਹੰਝੂ ਕੇਰ।
ਇਹ ਭਾਣਾ ਨਾ ਵਾਪਰੇ, ਧਰਤੀ ਉੱਤੇ ਫੇਰ।

ਦੱਸ ਇਹ ਧੀਆਂ-ਧਿਆਣੀਆਂ, ਕਿੱਥੇ ਲਵਾਂ ਲੁਕਾਅ।
ਹਵਸਾਂ ਦਿਆ ਪੁਜਾਰੀਆ, ਨਾ ਇਹ ਕਹਿਰ ਕਮਾਅ।

ਜੇਕਰ ਤੂੰ ਵੀ ਹਾਕਮਾਂ, ਹੁੰਦਾ ਧੀ ਦਾ ਬਾਪ।
ਰੂਹ ਤੇਰੀ ਕੁਰਲਾਂਵਦੀ, ਵੇਖ ਕੇ ਐਡਾ ਪਾਪ।

ਗੁਰੂਆਂ ਪੀਰਾਂ ਵਾਲੜੀ, ਧਰਤੀ ਲਹੂ ਲੁਹਾਨ।
ਜ਼ਹਿਰ ਹਵਾਵਾਂ ਵਿਚ ਤੇ ਧੁੱਪਾਂ ਬੇਈਮਾਨ।

ਮਾਣ ਰਿਹਾ ਨਾ ਦੇਸ਼ 'ਤੇ, ਨਾ ਮਰਦ ਹੋਣ ਦਾ ਮਾਣ।
ਆਪਣੀ ਧੀ ਦੀ ਅੱਖ 'ਚੋਂ, ਵੱਜਣ ਰੋਹਲੇ ਬਾਣ।

ਲੋਅ ਬੁਝ ਨਾ ਜਾਏ ਸੱਚ ਦੀ, ਪਸਰ ਨਾ ਜਾਏ ਹਨੇਰ।
ਆਉ ਮਸ਼ਾਲਾਂ ਬਾਲੀਏ, ਹੋ ਨਾ ਜਾਵੇ ਦੇਰ।

ਸਾਦ-ਮੁਰਾਦਾ ਨਾਵਲਕਾਰ ਜੀਤ ਸਿੰਘ ਸੰਧੂ

ਹਰਵਿੰਦਰ ਬਿਲਾਸਪੁਰ
98149-07020

ਨਾਵਲਕਾਰ ਜੀਤ ਸਿੰਘ ਸੰਧੂ ਨੂੰ ਭਾਵੇਂ ਘਰ ਦੇ ਆਰਥਿਕ ਹਾਲਾਤਾਂ ਨੇ ਜ਼ਿਆਦਾ ਪੜ੍ਹਾਈ ਲਿਖਾਈ ਦਾ ਮੌਕਾ ਨਹੀਂ ਦਿੱਤਾ ਪਰ ਉਸ ਦੀ ਮਾਂ ਪੜ੍ਹੀ-ਲਿਖੀ ਔਰਤ ਸੀ। ਜਿਸ ਨੇ ਉਸ ਨੂੰ ਪੜ੍ਹਨ ਦੀ ਚੇਟਕ ਬਚਪਨ ਵਿਚ ਹੀ ਲਾ ਦਿੱਤੀ। ਛੋਟੇ ਉਮਰੇ ਸਕੂਲੀ ਪੜ੍ਹਾਈ ਵਿਚ ਛੱਡ ਕੇ ਹਲ਼ ਦੀ ਮੁੰਨੀ ਫੜਨੀ ਪੈ ਗਈ ਪਰ ਉਹ ਉਸ ਵੇਲੇ ਛਪਦੇ ਪੰਜਾਬੀ ਦੇ ਚਿੱਠੇ ਲਿਆ ਕੇ ਪੜ੍ਹਦਾ ਰਿਹਾ। ਵੱਡੇ ਹੋਣ ਦੇ ਨਾਲ-ਨਾਲ ਉਸ ਦਾ ਪੜ੍ਹਨ ਦਾ ਸ਼ੌਕ ਘਟਿਆ ਨਹੀਂ ਸਗੋਂ ਵਧਦਾ ਹੀ ਗਿਆ। ਇਕ ਵਾਰ ਉਹ ਖੇਤਾਂ 'ਚੋਂ ਕੰਮ ਕਰਦਾ-ਕਰਦਾ ਸਿੱਧਾ ਫ਼ਰੀਦਕੋਟ ਕਿਤਾਬਾਂ ਖਰੀਦਣ ਚਲਿਆ ਗਿਆ ਉੱਥੇ ਜਾ ਕੇ ਦੁਕਾਨਦਾਰ ਪਾਸੋਂ 'ਰਸ਼ੀਦੀ ਟਿੱਕਟ' ਦੀ ਮੰਗ ਕੀਤੀ। ਦੁਕਾਨਦਾਰ ਨੇ ਉਸ ਦੇ ਮਿੱਟੀ ਨਾਲ ਲਿੱਬੜੇ-ਤਿੱਬੜੇ ਸਰੀਰ ਅਤੇ ਨੰਗੇ ਪੈਰਾਂ ਵੱਲ ਤੱਕਦਿਆਂ, ਅੱਗੇ ਵੱਲ ਹੱਥ ਕਰ ਦਿੱਤਾ ਕਿ ਡਾਕਘਰ ਵਿੱਚੋਂ ਮਿਲੇਗੀ। ਜਦ ਜੀਤ ਸਿੰਘ ਸੰਧੂ ਨੇ ਦੱਸਿਆ ਕਿ ਉਸ ਨੇ ਅੰਮ੍ਰਿਤਾ ਪ੍ਰੀਤਮ ਦੀ ਕਿਤਾਬ 'ਰਸ਼ੀਦੀ ਟਿੱਕਟ' ਲੈਣੀ ਹੈ ਤਾਂ ਦੁਕਾਨਦਾਰ ਸਮੇਤ ਓਥੇ ਖੜ੍ਹੇ ਹੋਰ ਦੋ ਤਿੰਨ ਆਦਮੀਆਂ ਨੇ ਵੀ ਉਸ ਵੱਲ ਹੈਰਾਨੀ ਨਾਲ ਤੱਕਿਆ। ਫਿਰ ਜਦ ਉਸ ਨੇ ਰੂਸੀ ਸਾਹਿਤ ਦੀਆਂ ਹੋਰ ਕਿਤਾਬਾਂ ਦੇ ਨਾਲ-ਨਾਲ ਲੈਨਿਨ ਬਾਰੇ ਵੀ ਇਕ ਕਿਤਾਬ ਖ਼ਰੀਦੀ ਤਾਂ ਉਸੇ ਵਕਤ ਦੁਕਾਨਦਾਰ ਤੇ ਉੱਥੇ ਖੜ੍ਹੇ ਵਿਆਕਤੀਆਂ

ਬਲੋਚਿਸਤਾਨ 'ਚ ਸਕੂਲ ਬੱਸ 'ਤੇ ਹਮਲਾ; ਧਮਾਕੇ 'ਚ ਚਾਰ ਬੱਚਿਆਂ ਦੀ ਮੌਤ, 38 ਜ਼ਖ਼ਮੀ

ਗ੍ਰਹਿ ਮੰਤਰੀ ਮੋਹਸਿਨ ਨਕਵੀ ਵੱਲੋਂ ਹਮਲੇ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ

ਕਰਾਚੀ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਬੁੱਧਵਾਰ ਸਵੇਰੇ ਸਕੂਲ ਬੱਸ ਨੂੰ ਨਿਸ਼ਾਨਾ ਬਣਾ ਕੇ ਕੀਤੇ ਧਮਾਕੇ ਵਿਚ ਚਾਰ ਬੱਚਿਆਂ ਦੀ ਮੌਤ ਹੋ ਗਈ ਜਦੋਂਕਿ 38 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਧਮਾਕਾ ਖ਼ੁਜ਼ਦਾਰ ਜ਼ਿਲ੍ਹੇ ਵਿਚ ਹੋਇਆ। ਰੋਜ਼ਨਾਮਚਾ 'ਡਾਅਨ' ਨੇ ਆਪਣੀ ਰਿਪੋਰਟ ਵਿਚ ਖ਼ੁਜ਼ਦਾਰ ਦੇ ਡਿਪਟੀ ਕਮਿਸ਼ਨਰ ਯਾਸਿਰ ਇਕਬਾਲ ਦਸ਼ਤੀ ਦੇ ਹਵਾਲੇ ਨਾਲ ਇਸ ਦੀ ਪੁਸ਼ਟੀ ਕੀਤੀ ਹੈ। ਰੋਜ਼ਨਾਮਚੇ ਨੇ ਧਮਾਕੇ ਵਿਚ ਤਿੰਨ ਬੱਚਿਆ ਸਣੇ ਪੰਜ ਮੌਤਾਂ ਦਾ ਦਾਅਵਾ ਕੀਤਾ ਹੈ। ਬੱਸ ਨੂੰ ਨਿਸ਼ਾਨਾ ਉਦੋਂ ਬਣਾਇਆ ਗਿਆ ਜਦੋਂ ਉਹੋ ਜ਼ੀਰੋ ਪੁਆਇੰਟ ਨੇੜੇ ਸੀ। ਧਮਾਕੇ ਵਿਚ 4 ਬੱਚਿਆਂ ਦੀ ਮੌਤ ਹੋ ਗਈ ਤੇ 38 ਹੋਰ ਜ਼ਖ਼ਮੀ ਹਨ। ਦਸ਼ਤੀ ਨੇ ਕਿਹਾ ਕਿ ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਵਿਚ ਤਬਦੀਲ ਕੀਤਾ ਗਿਆ ਹੈ। ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਯਾਸਿਰ ਇਕਬਾਲ ਨੇ ਕਿਹਾ, ''ਬੱਸ ਫੌਜੀ ਛਾਉਣੀ ਦੇ ਸਕੂਲ ਜਾ ਰਹੀ ਸੀ।'' ਇਕਬਾਲ ਨੇ ਕਿਹਾ ਕਿ ਜਦੋਂ ਧਮਾਕਾ ਹੋਇਆ ਤਾਂ ਬੱਸ ਵਿਚ ਕਰੀਬ 40 ਵਿਦਿਆਰਥੀ ਸਵਾਰ ਸਨ ਜੋ ਫੌਜ ਵੱਲੋਂ ਚਲਾਏ ਜਾ ਰਹੇ ਸਕੂਲ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿਚ ਕਈ ਹੋਰ ਜ਼ਖ਼ਮੀ ਹੋਏ ਹਨ।

ਗ਼ੌਰਤਲਬ ਹੈ ਕਿ ਬਲੋਚਿਸਤਾਨ ਖੇਤਰਫਲ ਦੇ ਹਿਸਾਬ ਨਾਲ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ, ਪਰ ਆਬਾਦੀ ਪੱਖੋਂ ਸਭ ਤੋਂ ਛੋਟਾ ਹੈ। ਦੇਸ਼ ਦੇ ਦੱਖਣ-ਪੱਛਮ ਵਿੱਚ ਲਗਪਗ 1.5 ਕਰੋੜ ਲੋਕਾਂ ਦਾ ਸੂਬਾ ਮੁੱਖ ਮਾਈਨਿੰਗ ਪ੍ਰੋਜੈਕਟਾਂ ਦਾ ਘਰ ਹੈ ਪਰ ਦਹਾਕਿਆਂ ਪੁਰਾਣੀ ਬਗਾਵਤ ਨਾਲ ਪ੍ਰਭਾਵਿਤ ਰਿਹਾ ਹੈ।

ਛੱਤੀਸਗੜ੍ਹ ਵਿਚ ਮੁਕਾਬਲੇ ਦੌਰਾਨ 26 ਨਕਸਲੀ ਹਲਾਕ

ਨਰਾਇਣਪੁਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਛੱਤੀਸਗੜ੍ਹ ਦੇ ਨਰਾਇਣਪੁਰ-ਬੀਜਾਪੁਰ ਜ਼ਿਲ੍ਹਿਆਂ ਦੀ ਸਰਹੱਦ ਨਾਲ ਲੱਗਦੇ ਜੰਗਲਾਂ ਵਿਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ 26 ਤੋਂ ਵੱਧ ਨਕਸਲੀ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਦੁਵੱਲੀ ਗੋਲੀਬਾਰੀ ਵਿਚ ਪੁਲੀਸ ਦਾ ਇਕ ਸਹਾਇਕ ਤੇ ਪੁਲੀਸ ਜਵਾਨ ਵੀ ਜ਼ਖ਼ਮੀ ਹੋ ਗਿਆ।

ਉਪ ਮੁੱਖ ਮੰਤਰੀ ਵਿਜੈ ਸ਼ਰਮਾ ਨੇ ਕਿਹਾ ਕਿ ਮੁਕਾਬਲਾ ਅਬੂਜਮਾਤ ਤੇ ਇੰਦਰਾਵਤੀ ਨੈਸ਼ਨਲ ਪਾਰਕ ਇਲਾਕੇ ਦਰਮਿਆਨ ਸੰਘਣੇ ਜੰਗਲਾਂ ਵਿਚ ਉਦੋਂ ਹੋਇਆ ਜਦੋਂ ਚਾਰ ਜ਼ਿਲ੍ਹਿਆਂ ਦੀ ਪੁਲੀਸ ਦੀ ਜ਼ਿਲ੍ਹਾ ਰਿਜ਼ਰਵ ਗਾਰਡ (DRG) ਦੀ ਸਾਂਝੀ ਟੀਮ ਨਕਸਲ ਵਿਰੋਧੀ ਅਪਰੇਸ਼ਨ 'ਤੇ ਸੀ।

ਸ਼ਰਮਾ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ, ਨੇ ਕਿਹਾ, ''ਮੁਕਾਬਲੇ ਦੌਰਾਨ 26 ਤੋਂ ਵੱਧ ਨਕਸਲੀ, ਜਿਸ ਵਿਚ ਸੰਭਾਵੀ ਤੌਰ 'ਤੇ ਕੁਝ ਸਿਖਰਲੇ ਨਕਸਲੀ ਆਗੂ ਵੀ ਸਨ, ਮਾਰੇ ਗਏ। ਪੁਲੀਸ ਦਾ ਇਕ ਸਹਾਇਕ ਤੇ ਪੁਲੀਸ ਦਾ ਜਵਾਨ ਜ਼ਖ਼ਮੀ ਹੋ ਗਏ।'' ਉਨ੍ਹਾਂ ਕਿਹਾ ਕਿ ਨਕਸਲੀਆਂ ਦੀ ਪੈੜ ਨੱਪਣ ਲਈ ਕਾਰਵਾਈ ਜਾਰੀ ਹੈ।

ਲੁਧਿਆਣਾ, ਫਿਰੋਜ਼ਪੁਰ ਦੇ ਡੀਸੀ ਦਫ਼ਤਰਾਂ ਨੂੰ ਬੰਬ ਦੀ ਧਮਕੀ

ਬੰਬ ਨਿਰੋਧਕ ਦਸਤੇ ਅਤੇ ਖੋਜੀ ਕੁੱਤਿਆਂ ਦੀਆਂ ਇਕਾਈਆਂ ਤਾਇਨਾਤ ਕੀਤੀਆਂ

ਲੁਧਿਆਣਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੁਧਿਆਣਾ ਵਿੱਚ ਡਿਪਟੀ ਕਮਿਸ਼ਨਰ (ਡੀਸੀ) ਦਫ਼ਤਰ ਨੂੰ ਈਮੇਲ ਰਾਹੀਂ ਬੰਬ ਦੀ ਧਮਕੀ ਤੋਂ ਬਾਅਦ ਦਹਿਸ਼ਤ ਫੈਲ ਗਈ। ਇਸ ਸਬੰਧੀ ਜਾਣਕਾਰੀ ਮਿਲਣ ਉਪਰੰਤ ਲੁਧਿਆਣਾ ਪੁਲੀਸ ਨੇ ਹਰਕਤ ਵਿੱਚ ਆਉਂਦਿਆਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਲਈ ਆਈਪੀ ਐਡਰੈੱਸ ਨੂੰ ਟਰੇਸ ਕੀਤਾ ਜਾ ਰਿਹਾ ਹੈ।

ਧਮਕੀ ਸਾਹਮਣੇ ਆਉਣ ਤੋਂ ਬਾਅਦ ਬੰਬ ਨਿਰੋਧਕ ਦਸਤੇ ਅਤੇ ਖੋਜੀ ਕੁੱਤਿਆਂ ਦੀਆਂ ਇਕਾਈਆਂ ਨੂੰ ਡੀਸੀ ਦਫ਼ਤਰ ਵਿੱਚ ਤਲਾਸ਼ੀ ਲਈ ਤਾਇਨਾਤ ਕੀਤਾ ਗਿਆ ਅਤੇ ਦਫ਼ਤਰ ਅਤੇ ਇਸਦੇ ਆਲੇ ਦੁਆਲੇ ਦੇ ਖੇਤਰਾਂ ਦੇ ਆਲੇ ਦੁਆਲੇ ਸੁਰੱਖਿਆ ਵਧਾਈ ਗਈ ਹੈ ।

ਪੁਸ਼ਟੀ ਕਰਦੇ ਹੋਏ, ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨੇ ਕਿਹਾ ਕਿ ਧਮਕੀ ਉਨ੍ਹਾਂ ਦੇ ਅਧਿਕਾਰਤ ਈਮੇਲ ਆਈਡੀ 'ਤੇ ਮਿਲੀ ਸੀ ਅਤੇ ਭੇਜਣ ਵਾਲੇ ਨੇ ਡੀਸੀ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਸੀ। ਉਨ੍ਹਾਂ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ ਅਤੇ ਇਮਾਰਤ ਦੀ ਜਾਂਚ ਕੀਤੀ ਗਈ।

ਡੀਸੀ ਜੈਨ ਨੇ ਕਿਹਾ ਕਿ ਧਮਕੀ ਸਬੰਧ ਜਾਂਚ ਦੌਰਾਨ ਕੋਈ ਵੀ ਅਜਿਹੀ ਵਸਤੂ ਨਹੀਂ ਮਿਲੀ ਹੈ ਪਰ ਫਿਰ ਵੀ ਅਧਿਕਾਰੀ ਅਜਿਹੀਆਂ ਧਮਕੀਆਂ ਨੂੰ ਹਲਕੇ ਵਿੱਚ ਨਹੀਂ ਲੈ ਸਕਦੇ ਅਤੇ ਧਮਕੀ ਭੇਜਣ ਵਾਲੇ ਵਿਅਕਤੀ ਦਾ ਪਤਾ ਲਗਾਉਣ ਲਈ ਪੁਲਿਸ ਜਾਂਚ ਜਾਰੀ ਹੈ। ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਇਹ ਵੀ ਪਤਾ ਲੱਗਾ ਕਿ ਡੀਸੀ ਫਿਰੋਜ਼ਪੁਰ ਨੂੰ ਵੀ ਉਨ੍ਹਾਂ ਦੇ ਅਧਿਕਾਰਤ ਈਮੇਲ 'ਤੇ ਅਜਿਹੀ ਹੀ ਧਮਕੀ ਮਿਲੀ ਹੈ। ਡਿਪਟੀ ਕਮਿਸ਼ਨਰ ਜੈਨ ਨੇ ਕਿਹਾ ਕਿ ਮਿੰਨੀ ਸਕੱਤਰੇਤ ਵਿਚ ਕੰਮ ਸੁਚਾਰੂ ਢੰਗ ਨਾਲ ਜਾਰੀ ਹੈ।

ਕਮਿਸ਼ਨਰੇਟ ਪੁਲੀਸ ਜਲੰਧਰ ਵੱਲੋਂ 5 ਕਿਲੋ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

ਜਲੰਧਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਮਿਸ਼ਨਰੇਟ ਪੁਲੀਸ ਜਲੰਧਰ ਨੇ ਸਰਹੱਦ ਪਾਰੋਂ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ ਸ਼ਿਵਮ ਸੋਢੀ ਉਰਫ ਸ਼ਿਵਾ ਨੂੰ 5 ਕਿਲੋ ਹੈਰੋਇਨ ਅਤੇ 22,000 ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਮੁਤਾਬਕ ਸੀਆਈਏ ਸਟਾਫ ਦੀ ਟੀਮ ਨੇ ਸ਼ਿਵਮ ਸੋਢੀ ਵਾਸੀ ਮਕਾਨ ਨੰਬਰ 54, ਸਿਮਰਨ ਐਨਕਲੇਵ, ਨੇੜੇ ਲੰਬਾ ਪਿੰਡ ਚੌਕ, ਪੀਐਸ ਰਾਮਾਮੰਡੀ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ 5 ਕਿਲੋ ਹੈਰੋਇਨ ਅਤੇ 22,000 ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ।

ਮੁਲਜ਼ਮ ਖਿਲਾਫ਼ ਥਾਣ ਡਿਵੀਜ਼ਨ ਨੰਬਰ 8 ਵਿਚ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਮੁਤਾਬਕ ਮੁਲਜ਼ਮ ਖਿਲਾਫ ਪਹਿਲਾਂ ਵੀ ਤਿੰਨ ਕੇਸ ਦਰਜ ਹਨ।

ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ। ਇਸ ਦੌਰਾਨ ਸ੍ਰੀ ਸੈਣੀ ਨੇ 'ਅਪਰੇਸ਼ਨ ਸਿੰਧੂਰ' ਰਾਹੀਂ ਪਾਕਿਸਤਾਨ ਵਿੱਚ ਅਤਿਵਾਦੀ ਟਿਕਾਣਿਆਂ ਨੂੰ ਨਸ਼ਟ ਕਰਨ 'ਤੇ ਧੰਨਵਾਦ ਕੀਤਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਸ੍ਰੀ ਮੋਦੀ ਨਾਲ ਹਰਿਆਣਾ ਦੇ ਵਿਕਾਸ ਨੂੰ ਲੈ ਕੇ ਵਿਚਾਰ-ਚਰਚਾ ਕੀਤੀ। ਸ੍ਰੀ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸੂਬਾ 'ਵਿਕਸਤ ਭਾਰਤ-ਵਿਕਸਤ ਹਰਿਆਣਾ' ਵੱਲ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।

ਕੈਲਾਸ਼ ਮਾਨਸਰੋਵਰ ਯਾਤਰਾ ਲਈ ਜਾਣਗੇ 720 ਭਾਰਤੀ ਸ਼ਰਧਾਲੂ

ਨਵੀਂ ਦਿੱਲੀ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਪੰਜ ਸਾਲਾ ਤੋਂ ਮੁੰਅਤਲ ਚੱਲ ਰਹੀ ਕੈਲਾਸ਼ ਮਾਨਸਰੋਵਰ ਦੀ ਯਾਤਰਾ ਲਈ ਇਸ ਸਾਲ 720 ਸ਼ਰਧਾਲੂਆਂ ਸਮੇਤ 30 ਸੰਪਰਕ ਅਧਿਕਾਰੀਆਂ ਚੋਣ ਕੀਤੀ ਗਈ ਹੈ। ਇਸ ਸਬੰਧੀ ਵਿਦੇਸ਼ ਮੰਤਰਾਲਾ ਨੇ ਇੱਕ ਸਮਾਰੋਹ ਵਿਚ ਇਹ ਐਲਾਨ ਕੀਤਾ ਹੈ। ਇਸ ਸਾਲ ਸ਼ਰਧਾਲੂਆਂ ਦੀ ਚੋਣ ਇੱਕ ਕੰਪਿਊਟਰ ਜਨਰੇਟਡ ਲੱਕੀ ਡਰਾਅ, ਰੈਂਡਮ(ਗ਼ੈਰ ਪ੍ਰਣਾਲੀਬੱਧ) ਅਤੇ ਲਿੰਗ-ਸੰਤੁਲਿਤ ਚੋਣ ਪ੍ਰਕਿਰਿਆ ਰਾਹੀਂ ਕੀਤੀ ਗਈ ਸੀ।

ਕੋਵਿਡ-19 ਦੇ ਪ੍ਰਕੋਪ ਅਤੇ ਚੀਨੀ ਪੱਖ ਵੱਲੋਂ ਯਾਤਰਾ ਪ੍ਰਬੰਧਾਂ ਦੇ ਨਵੀਨੀਕਰਨ ਤੋਂ ਬਾਅਦ 2020 ਤੋਂ ਯਾਤਰਾ ਮੁਅੱਤਲ ਚੱਲ ਰਹੀ ਸੀ ਪਰ ਹੁਣ ਇਹ ਗਰਮੀਆਂ ਵਿੱਚ ਜੂਨ ਦੇ ਤੀਜੇ ਹਫ਼ਤੇ ਤੋਂ ਮੁੜ ਸ਼ੁਰੂ ਹੋਵੇਗੀ ਅਤੇ 25 ਅਗਸਤ ਨੂੰ ਖਤਮ ਹੋਵੇਗੀ।

ਜ਼ਿਕਰਯੋਗ ਹੈ ਕਿ ਕੈਲਾਸ਼ ਮਾਨਸਰੋਵਰ ਯਾਤਰਾ ਦੋ ਰੂਟ ਉੱਤਰਾਖੰਡ ਅਤੇ ਸਿੱਕਮ ਰਾਹੀਂ ਕੀਤੀ ਜਾਵੇਗੀ, ਜਿਸ ਵਿਚ ਕੁੱਲ 720 ਭਾਰਤੀ ਨਾਗਰਿਕਾਂ ਨੂੰ ਧਾਰਮਿਕ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ, ਜਦੋਂ ਕਿ ਇਨ੍ਹਾਂ ਨਾਲ 30 ਸੰਪਰਕ ਅਧਿਕਾਰੀ ਵੀ ਹੋਣਗੇ। ਕੈਲਾਸ਼ ਪਰਬਤ ਅਤੇ ਮਾਨਸਰੋਵਰ ਝੀਲ ਹਿੰਦੂ ਧਰਮ ਦੇ ਪਵਿੱਤਰ ਸਥਾਨ ਹਨ ਅਤੇ ਤਿੱਬਤ ਵਿੱਚ ਸਥਿਤ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਦੇਸ਼ ਮੰਤਰਾਲਾ ਨੇ ਦੱਸਿਆ ਕਿ 720 ਸ਼ਰਧਾਲੂਆਂ ਦੇ ਕੁੱਲ 15 ਜਥੇ ਹੋਣਗੇ ਅਤੇ ਹਰੇਕ ਜਥੇ ਵਿੱਚ 48 ਯਾਤਰੀ ਹੋਣਗੇ। ਇਹ ਜਥਿਆਂ ਵਿੱਚੋਂ ਕੁੱਝ ਉੱਤਰਾਖੰਡ ਅਤੇ ਕੁੱਝ ਸਿੱਕਮ ਰਾਹੀਂ ਜਾਣਗੇ।

ਜੇ ਅਸੀਂ 532 ਕਿਲੋਮੀਟਰ ਸਰਹੱਦ ਦੀ ਰੱਖਿਆ ਕਰ ਸਕਦੇ ਹਾਂ ਤਾਂ ਅਸੀਂ ਆਪਣੇ ਪਾਣੀਆਂ ਦੀ ਵੀ ਰਾਖੀ ਕਰ ਸਕਦੇ ਹਾਂ : ਭਗਵੰਤ ਮਾਨ

- ਬੀ.ਬੀ.ਐਮ.ਬੀ. ਕੇਂਦਰ ਦੀ ਕਠਪੁਤਲੀ ਬਣੀ; ਪੰਜਾਬ ਦੇ ਪਾਣੀ ਨੂੰ ਲੁੱਟਣ ਦੀ ਸਾਜ਼ਿਸ਼ ਨਾਕਾਮ ਹਮਲਾ
- ਬੀ.ਬੀ.ਐਮ.ਬੀ. ਨੇ ਪੰਜਾਬ ਤੋਂ 32 ਕਰੋੜ ਰੁਪਏ ਲਏ, ਇੱਕ ਵੀ ਰੁਪਿਆ ਵਾਪਸ ਨਹੀਂ ਕੀਤਾ: ਭਗਵੰਤ ਮਾਨ

ਨੰਗਲ (ਰੂਪਨਗਰ), 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਦੇ ਪੁਨਰਗਠਨ ਦਾ ਮੁੱਦਾ ਸ਼ਨਿੱਚਰਵਾਰ ਨੂੰ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ ਵਿੱਚ ਉਠਾਏਗੀ। ਅੱਜ ਇੱਥੇ ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮੀਟਿੰਗ ਵਿੱਚ ਉਠਾਉਣਗੇ। ਉਨ੍ਹਾਂ ਕਿਹਾ ਕਿ ਕਿਉਂਕਿ ਪਾਣੀ ਦਾ ਪੱਧਰ ਵਾਰ-ਵਾਰ ਬਦਲ ਰਿਹਾ ਹੈ, ਇਸ ਲਈ ਹਰ ਜਲ ਸਮਝੌਤੇ ਦੀ ਹਰੇਕ 25 ਸਾਲਾਂ ਬਾਅਦ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਜ਼ਮੀਨੀ ਸਰਹੱਦਾਂ ਨਾਲ ਜੁੜਿਆ ਸੂਬਾ ਹੈ, ਜਿਸ ਨੇ ਦੇਸ਼ ਨੂੰ ਖੁਰਾਕ ਪੱਖੋਂ ਆਤਮ ਨਿਰਭਰ ਬਣਾਉਣ ਲਈ ਆਪਣੇ ਇੱਕੋ-ਇੱਕ ਉਪਲਬਧ ਕੁਦਰਤੀ ਸਰੋਤ ਪਾਣੀ ਅਤੇ ਉਪਜਾਊ ਮਿੱਟੀ ਦੀ ਬੇਰਹਿਮੀ ਨਾਲ ਵਰਤੋਂ ਕੀਤੀ।

ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਜਿਸ ਤਰੀਕੇ ਨਾਲ ਬੀ.ਬੀ.ਐਮ.ਬੀ. ਸੂਬੇ ਦੇ ਪਾਣੀਆਂ ਦੇ ਜਾਇਜ਼ ਹਿੱਸੇ ਨੂੰ ਖੋਹਣ ਲਈ ਇੱਕ ਧਿਰ ਬਣ ਗਈ ਹੈ, ਉਹ ਮੰਦਭਾਗਾ ਅਤੇ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਇਸ ਸਾਲ ਮਾਰਚ ਵਿੱਚ ਆਪਣੇ ਹਿੱਸੇ ਦਾ ਪਾਣੀ ਖ਼ਤਮ ਕਰ ਦਿੱਤਾ ਸੀ ਪਰ ਬੀ.ਬੀ.ਐਮ.ਬੀ. ਨੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਦੀ ਕਠਪੁਤਲੀ ਵਾਂਗ ਕੰਮ ਕੀਤਾ ਤਾਂ ਜੋ ਸੂਬੇ ਦਾ ਪਾਣੀ ਖੋਹਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਲੰਕਾਰੀ ਗੱਲ ਇਹ ਹੈ ਕਿ ਬੀ.ਬੀ.ਐਮ.ਬੀ. ਦੇ ਚੇਅਰਮੈਨ ਖ਼ੁਦ ਸੂਬੇ ਦੇ ਪਾਣੀਆਂ ਨੂੰ ਚੋਰੀ ਕਰਨ ਲਈ ਨੰਗਲ ਆਏ, ਜਿਸ ਨੂੰ ਸੂਬੇ ਦੇ ਲੋਕਾਂ ਨੇ ਨਾਕਾਮ ਕਰ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਹੀ ਬੀ.ਬੀ.ਐਮ.ਬੀ. ਹੈ, ਜਿਸ ਨੇ ਆਪਣੇ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟਾਂ ਲਈ ਪੰਜਾਬ ਤੋਂ 32 ਕਰੋੜ ਰੁਪਏ ਲਏ ਸਨ ਅਤੇ ਇਹ ਪੈਸਾ ਕਦੇ ਵੀ ਸੂਬੇ ਨੂੰ ਵਾਪਸ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦਾ ਬੀ.ਬੀ.ਐਮ.ਬੀ. ਕੋਲ ਲਗਭਗ 150 ਕਰੋੜ ਰੁਪਏ (ਸਹੀ ਰੂਪ ਵਿੱਚ 142 ਕਰੋੜ ਰੁਪਏ) ਬਕਾਇਆ ਹਨ ਅਤੇ ਸੂਬਾ ਸਰਕਾਰ ਜਲਦੀ ਇਸ ਪੈਸੇ ਦੀ ਵਸੂਲੀ ਲਈ ਦਾਅਵਾ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਵੱਲੋਂ ਪੰਜਾਬ ਦੇ ਕੌਟੇ ਦੀਆਂ ਤਿੰਨ ਹਜ਼ਾਰ ਅਸਾਮੀਆਂ ਜਾਣ-ਬੁੱਝ ਕੇ ਨਹੀਂ ਭਰੀਆਂ ਗਈਆਂ ਹਨ ਤਾਂ ਜੋ ਪਾਣੀਆਂ ਉੱਤੇ ਸੂਬੇ ਦੇ ਦਾਅਵੇ ਨੂੰ ਕਮਜ਼ੋਰ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਿਆ ਜਾਵੇਗਾ ਤਾਂ ਜੋ ਸੂਬੇ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨੰਗਲ ਵਰਗੇ ਟਾਊਨਸ਼ਿਪ ਜੋ ਕਿ ਸੁਹਜ ਪੱਖੋਂ ਡਿਜ਼ਾਈਨ ਕੀਤਾ ਗਿਆ ਸੀ, ਬੀ.ਬੀ.ਐਮ.ਬੀ. ਦੀ ਅਣਗਹਿਲੀ ਕਾਰਨ ਬਰਬਾਦ ਹੋ ਗਿਆ ਹੈ, ਜੋ ਕਿ ਸੱਚਮੁੱਚ ਨਿੰਦਣਯੋਗ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਪਾਣੀਆਂ ਨੂੰ ਖੋਹਣ ਲਈ ਬੀ.ਬੀ.ਐਮ.ਬੀ., ਕੇਂਦਰ ਦੇ ਹੱਥਾਂ ਵਿੱਚ ਖੇਡਿਆ ਪਰ ਸੂਬੇ ਦੇ ਬਹਾਦਰ ਅਤੇ ਮਿਹਨਤੀ ਕਿਸਾਨਾਂ ਨੇ ਉਨ੍ਹਾਂ ਦੇ ਨਾਪਾਕ ਯਤਨਾਂ ਨੂੰ ਨਾਕਾਮ ਕਰ ਦਿੱਤਾ

ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ ਦੇ ਸੀਨੀਅਰ ਆਗੂਆਂ ਦੀ ਵਿਸ਼ੇਸ਼ ਮੀਟਿੰਗ ਪਟਿਆਲਾ ਵਿਖੇ ਆਯੋਜਿਤ

ਪਟਿਆਲਾ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੀ ਇੱਕ ਮਹੱਤਵਪੂਰਨ ਮੀਟਿੰਗ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਦਫ਼ਤਰ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦਾ ਮੁੱਖ ਵਿਸ਼ਾ ਸਮਾਣਾ ਖੇਤਰ ਵਿੱਚ ਹਾਲ ਹੀ ਵਿੱਚ ਹੋਏ ਗੰਭੀਰ ਸੜਕ ਹਾਦਸੇ, ਸੜਕਾਂ ਦੀ ਮਾੜੀ ਹਾਲਤ ਅਤੇ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਸ਼ਿਵ ਸੈਨਾ ਹਿੰਦੁਸਤਾਨ ਉਸ ਬਹਾਦਰੀ ਦੀ ਪ੍ਰਸ਼ੰਸਾ ਕਰਦੀ ਹੈ ਅਤੇ ਪੂਰੀ ਤਰ੍ਹਾਂ ਸਮਰਥਨ ਕਰਦੀ ਹੈ ਜਿਸ ਨਾਲ ਭਾਰਤੀ ਫੌਜ ਨੇ ਹਾਲ ਹੀ ਵਿੱਚ ਆਪ੍ਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨ ਦੇ ਅੱਤਵਾਦ ਦਾ ਜਵਾਬ ਦਿੱਤਾ। ਜਿਸ ਤਰ੍ਹਾਂ ਦੇਸ਼ ਦੀਆਂ ਵਿਰੋਧੀ ਰਾਜਨੀਤਿਕ ਪਾਰਟੀਆਂ ਨੇ ਇਸ ਮੁੱਦੇ 'ਤੇ ਰਾਸ਼ਟਰ ਹਿੱਤ ਵਿੱਚ ਮੌਜੂਦਾ ਸਰਕਾਰ ਦਾ ਸਮਰਥਨ ਕੀਤਾ ਹੈ, ਉਸਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ।

ਮੀਟਿੰਗ ਵਿੱਚ ਆਗੂਆਂ ਨੇ ਨਕਲੀ ਟਰੱਕਾਂ ਅਤੇ ਗੈਰ-ਰਜਿਸਟਰਡ ਵਾਹਨਾਂ ਰਾਹੀਂ ਸਕੂਲੀ ਬੱਚਿਆਂ ਦੀ ਢੋਆ-ਢੁਆਈ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਪ੍ਰਸ਼ਾਸਨ ਨੂੰ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ 'ਤੇ ਸਖ਼ਤ ਨਜ਼ਰ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਦੀਆਂ ਮਾਸੂਮ ਜ਼ਿੰਦਗੀਆਂ ਨਾਲ ਛੇੜਛਾੜ ਨਹੀਂ ਕੀਤੀ ਜਾਣੀ ਚਾਹੀਦੀ। ਪਟਿਆਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਸਿਰਫ਼ ਆਪਣੇ ਦਫ਼ਤਰਾਂ ਵਿੱਚ ਬੈਠ ਕੇ ਇਸ ਗੰਭੀਰ ਸਮੱਸਿਆ ਦਾ ਹੱਲ ਨਹੀਂ ਲੱਭਣਾ ਚਾਹੀਦਾ, ਸਗੋਂ ਜ਼ਮੀਨੀ ਪੱਧਰ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪਟਿਆਲਾ ਦੀਆਂ ਸੜਕਾਂ ਦੀ ਮਾੜੀ ਹਾਲਤ 'ਤੇ ਵੀ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਸੀਨੀਅਰ ਆਗੂਆਂ ਨੇ ਕਿਹਾ ਕਿ ਪਟਿਆਲਾ ਦੀਆਂ ਲਿੰਕ ਸੜਕਾਂ ਅਤੇ ਗਲੀਆਂ ਟੁੱਟੀਆਂ ਹੋਈਆਂ ਹਨ, ਸਫਾਈ ਅਤੇ ਸੈਨੀਟੇਸ਼ਨ ਪ੍ਰਣਾਲੀ ਵੀ ਬਹੁਤ ਮਾੜੀ ਹਾਲਤ ਵਿੱਚ ਹੈ। ਨਗਰ ਨਿਗਮ ਦੇ ਅਧਿਕਾਰੀ ਸਿਰਫ਼ ਦਫ਼ਤਰਾਂ ਵਿੱਚ ਬੈਠ ਕੇ ਹੁਕਮ ਦਿੰਦੇ ਹਨ, ਪਰ ਜ਼ਮੀਨੀ ਪੱਧਰ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਸੜਕਾਂ ਦੀ ਹਾਲਤ ਸੁਧਾਰਨ ਅਤੇ ਸਫਾਈ ਅਤੇ ਸੀਵਰੇਜ ਪ੍ਰਣਾਲੀ ਨੂੰ ਹਰ ਕੀਮਤ 'ਤੇ ਬਿਹਤਰ ਬਣਾਉਣ ਲਈ ਤੁਰੰਤ ਕਦਮ ਚੁੱਕੇ ਜਾਣ।

ਮੀਟਿੰਗ ਵਿੱਚ ਕਾਨੂੰਨ ਵਿਵਸਥਾ ਬਾਰੇ ਵੀ ਚਰਚਾ ਕੀਤੀ ਗਈ। ਪੰਜਾਬ ਵਿੱਚ ਚੋਰੀ, ਡਕੈਤੀ ਅਤੇ ਹਮਲੇ ਦੀਆਂ ਵਧਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਗਿਆ ਕਿ ਪ੍ਰਸ਼ਾਸਨ ਨੂੰ ਇਸ ਦਿਸ਼ਾ ਵਿੱਚ ਸਖ਼ਤ ਕਦਮ ਚੁੱਕਣੇ ਪੈਣਗੇ ਤਾਂ ਜੋ ਜਨਤਾ ਸੁਰੱਖਿਅਤ ਮਹਿਸੂਸ ਕਰ ਸਕੇ। ਸ਼ਿਵ ਸੈਨਾ ਹਿੰਦੁਸਤਾਨ ਨਸ਼ਿਆਂ ਵਿਰੁੱਧ ਜੰਗ ਦਾ ਜ਼ੋਰਦਾਰ ਸਮਰਥਨ ਕਰਦੀ ਹੈ ਪਰ ਨਸ਼ਿਆਂ ਵਿਰੁੱਧ ਜੰਗ ਵਿੱਚ ਛੋਟੇ ਲੋਕਾਂ ਨੂੰ ਤੰਗ ਕਰਕੇ ਇਸ ਬਿਮਾਰੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਦਿਸ਼ਾ ਵਿੱਚ ਵੱਡੀਆਂ ਮੱਛੀਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਮਾਮਲੇ ਵਿੱਚ ਅਪਰਾਧੀਆਂ ਨਾਲ ਜੋ ਰਾਜਨੀਤਿਕ ਗੱਠਜੋੜ ਵਧਿਆ ਹੈ, ਉਸਨੂੰ ਰਾਜਨੀਤਿਕ ਇੱਛਾ ਸ਼ਕਤੀ ਨਾਲ ਖਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਪ੍ਰਸ਼ਾਸਨ ਨੂੰ ਘਟਾਉਣ ਦਾ ਨਿਰਦੇਸ਼ ਦਿੱਤਾ ਜਾਣਾ ਚਾਹੀਦਾ ਹੈ, ਨਸ਼ਿਆਂ ਦੀ ਦੁਰਵਰਤੋਂ ਨੂੰ ਸਿਰਫ਼ ਅਖ਼ਬਾਰਾਂ ਵਿੱਚ ਇਸ਼ਤਿਹਾਰਾਂ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ।

ਇਸ ਮੀਟਿੰਗ ਵਿੱਚ ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਕਸ਼ਮਾਕਾਂਤ ਪਾਂਡੇ ਮੀਤ ਪ੍ਰਧਾਨ ਪੰਜਾਬ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਰਵਿੰਦਰ ਸਿੰਗਲਾ ਚੇਅਰਮੈਨ ਪੰਜਾਬ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਕ੍ਰਿਸ਼ਨ ਕੁਮਾਰ ਗਾਭਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਸ਼੍ਰੀ ਰੋਹਿਤ ਅਟਵਾਲ ਜ਼ਿਲ੍ਹਾ ਯੂਥ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਪਾਤੜਾਂ, ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਆਦਿ ਹਾਜ਼ਰ ਸਨ। ਹਿੰਦੁਸਤਾਨ, ਸ਼੍ਰੀ ਹਰਪ੍ਰੀਤ ਸ਼ਰਮਾ ਪ੍ਰਧਾਨ ਸਮਾਣਾ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਗੁਰਪ੍ਰੀਤ ਸਿੰਘ ਦਿਹਾਤੀ ਮੀਤ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਗੁਰਦੀਪ ਚੌਹਾਨ, ਪਟਿਆਲਾ ਦਿਹਾਤੀ ਪ੍ਰਧਾਨ, ਸ਼ਿਵ ਸੈਨਾ ਹਿੰਦੁਸਤਾਨ ਅਤੇ ਹੋਰ ਆਗੂ।

ਵਿਦਿਆਰਥੀਆਂ ਨੂੰ ਪਲਾਸਟਿਕ ਪ੍ਰਦੂਸ਼ਣ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ 'ਚ ਯੋਗਦਾਨ ਪਾਉਣ ਲਈ ਪ੍ਰੇਰਿਆ

ਜਲੰਧਰ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.), ਖੇਤਰੀ ਦਫ਼ਤਰ-1, ਜਲੰਧਰ ਵੱਲੋਂ ਵਿਸ਼ਵ ਵਾਤਾਵਰਣ ਦਿਵਸ-2025 ਮੌਕੇ ਸਥਾਨਕ ਲਾਰੈਂਸ ਇੰਟਰਨੈਸ਼ਨਲ ਸਕੂਲ ਵਿਖੇ ਵਿਸ਼ੇਸ਼ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਐਕਸੀਅਨ ਸੰਦੀਪ ਕੁਮਾਰ ਨੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਸੰਦੀਪ ਕੁਮਾਰ ਨੇ ਦੱਸਿਆ ਕਿ ਇਸ ਸਾਲ ਦਾ ਵਿਸ਼ਾ ਨੌਜਵਾਨ ਪੀੜ੍ਹੀ ਨੂੰ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਇਸਦੀ ਵਰਤੋਂ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਜਾਗਰੂਕ ਕਰਨ 'ਤੇ ਕੇਂਦਰਿਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਣ-ਯੋਧੇ ਬਣਨ ਦੀ ਅਪੀਲ ਕਰਦਿਆਂ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ ਚੁੱਕੇ ਜਾ ਰਹੇ ਉਪਰਾਲਿਆਂ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਪ੍ਰੋਗਰਾਮ ਦੀ ਸ਼ੁਰੂਆਤ ਐਸ.ਡੀ.ਓ. ਮਨਪ੍ਰੀਤ ਸਿੰਘ ਜੌੜਾ ਦੇ ਭਾਸ਼ਣ ਨਾਲ ਹੋਈ। ਉਪਰੰਤ ਜੇ.ਈ. ਹਰਪ੍ਰੀਤ ਸਿੰਘ ਬੱਲ ਅਤੇ ਐਸ.ਡੀ.ਓ. ਮਨਰਾਜ ਸਿੰਘ ਰੰਧਾਵਾ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਾਰਜਾਂ ਅਤੇ ਵਾਤਾਵਰਣ ਦੀ ਰੱਖਿਆ ਵਿੱਚ ਇਸਦੀ ਭੂਮਿਕਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਐਸ.ਡੀ.ਓ. ਮਨਵਿੰਦਰ ਸਿੰਘ ਹੁੰਦਲ ਨੇ ਵਿਸਥਾਰਿਤ ਪੇਸ਼ਕਾਰੀ ਦਿੰਦਿਆਂ ਵਿਦਿਆਰਥੀਆਂ ਵੱਲੋਂ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ ਚੁੱਕੇ ਜਾ ਸਕਣ ਵਾਲੇ ਵਿਹਾਰਕ ਕਦਮਾਂ 'ਤੇ ਜ਼ੋਰ ਦਿੱਤਾ।

ਉਨ੍ਹਾਂ ਵਿਦਿਆਰਥੀਆਂ ਨੂੰ ਲਿਫਾਫੇ, ਸਟਰਾਅ ਅਤੇ ਡਿਸਪੋਜ਼ੇਬਲ ਵਰਗੇ ਇਕ ਵਾਰ ਵਰਤੋਂ 'ਚ ਆਉਣ ਵਾਲੇ ਪਲਾਸਟਿਕ ਨੂੰ ਨਾ ਵਰਤਣ ਅਤੇ ਕੱਪੜੇ ਦੇ ਥੈਲੇ, ਮੈਟਲ ਦੀਆਂ ਬੋਤਲਾਂ ਅਤੇ ਹੋਰ ਵਿਕਲਪਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ DR ਭਾਵ ਰਿਫਊਜ਼, ਰਿਡਿਊਸ, ਰੀਯੂਜ਼ ਅਤੇ ਰੀਸਾਈਕਲ ਦੀ ਪਾਲਣਾ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਨੂੰ ਸਫਾਈ ਮੁਹਿਮਾਂ ਵਿੱਚ ਹਿੱਸਾ ਲੈਣ ਅਤੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਉਤਸ਼ਾਹਿਤ ਕੀਤਾ।

ਇਸ ਦੌਰਾਨ ਇਸ ਸਾਲ ਦੇ ਵਿਸ਼ੇ 'ਕੌਂਬੈਟ ਪਲਾਸਟਿਕ ਪਲਿਊਸ਼ਨ' 'ਤੇ ਡਰਾਇੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਸਿਰਜਣਾਤਮਕਤਾ ਅਤੇ ਵਾਤਾਵਰਣ ਪ੍ਰਤੀ ਚੇਤਨਾ ਦਾ ਪ੍ਰਦਰਸ਼ਨ ਕੀਤਾ। ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਲਾਤਮਕ ਯੋਗਦਾਨ ਲਈ ਇਨਾਮ ਦਿੱਤੇ ਗਏ। ਐਸ.ਡੀ.ਓ. ਰੋਜਰਟ ਧਮੀਜਾ ਨੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਸਕੂਲ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

ਸਰਹੱਦ ਪਾਰ ਦੇ ਤਸਕਰੀ ਨੈੱਟਵਰਕਾਂ ਨੂੰ ਵੱਡਾ ਝਟਕਾ; ਅੰਮ੍ਰਿਤਸਰ ਵਿੱਚ 1.01 ਕਿਲੋ ਹੈਰੋਇਨ, 45.19 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਤਿੰਨ ਵਿਅਕਤੀ ਗ੍ਰਿਫ਼ਤਾਰ

ਚੰਡੀਗੜ੍ਹ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਕਾਰੋਬਾਰੀਆਂ ਦੇ ਗੱਠਜੋੜ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਦੋ ਵੱਖ-ਵੱਖ ਤਸਕਰੀ ਨੈੱਟਵਰਕਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਇਨ੍ਹਾਂ ਮੁਲਜ਼ਮਾਂ ਕੋਲੋਂ 1.01 ਕਿਲੋ ਹੈਰੋਇਨ, 45.19 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਨਕਦੀ ਗਿਣਨ ਵਾਲੀ ਮਸ਼ੀਨ ਬਰਾਮਦ ਕੀਤੀ ਗਈ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਠੱਠੀ ਸੋਹਲ ਦੇ ਰਾਹੁਲ ਸਿੰਘ ਉਰਫ਼ ਕਾਲੂ (20), ਅੰਮ੍ਰਿਤਸਰ ਦੇ ਪਿੰਡ ਸੁਧਾਰ ਰਾਜਪੂਤਾਂ ਦੇ ਗੁਰਮੁਖ ਸਿੰਘ (21) ਅਤੇ ਅੰਮ੍ਰਿਤਸਰ ਦੇ ਪਿੰਡ ਅਕਾਲਗੜ੍ਹ ਢਪੱਈਆਂ ਦੇ ਵਰਿੰਦਰਪਾਲ ਸਿੰਘ (32) ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਐਨਡੀਪੀਐਸ ਐਕਟ ਤਹਿਤ ਦੋ ਵੱਖ-ਵੱਖ ਐਫਆਈਆਰ ਪੁਲਿਸ ਥਾਣਾ - ਗੇਟ ਹਕੀਮਾਂ ਅਤੇ ਪੁਲਿਸ ਥਾਣਾ ਵੇਰਕਾ ਵਿਖੇ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੂਰੇ ਤਸਕਰੀ ਮਾਡਿਊਲ ਦਾ ਪਤਾ ਲਗਾਉਣ ਲਈ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਪਹਿਲੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸੀਆਈਏ-2 ਦੀਆਂ ਪੁਲਿਸ ਟੀਮਾਂ ਨੇ ਮੁਲਜ਼ਮ ਰਾਹੁਲ ਉਰਫ਼ ਕਾਲੂ ਨੂੰ, ਅੰਮ੍ਰਿਤਸਰ ਦੇ ਆਨੰਦ ਵਿਹਾਰ ਵਿੱਚ ਉਸਦੇ ਕਿਰਾਏ ਦੇ ਘਰ ਤੋਂ 510 ਗ੍ਰਾਮ ਹੈਰੋਇਨ, 30.18 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਨਕਦੀ ਗਿਣਨ ਵਾਲੀ ਮਸ਼ੀਨ ਸਮੇਤ ਗ੍ਰਿਫ਼ਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਰਾਹੁਲ ਵਿਦੇਸ਼-ਅਧਾਰਤ ਨਸ਼ਾ ਤਸਕਰ ਟੋਨੀ ਜਰਮਨ ਦੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕਰਨ ਉਪਰੰਤ ਸਥਾਨਕ ਤੌਰ 'ਤੇ ਸਪਲਾਈ ਕਰ ਰਿਹਾ ਸੀ। ਇਸ ਸਬੰਧ ਵਿੱਚ, ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਗੇਟ ਹਕੀਮਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਤੇ 25 ਤਹਿਤ 16/5/2025 ਨੂੰ ਐਫਆਈਆਰ ਨੰਬਰ 117 ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸੇ ਲੜੀ ਵਿੱਚ ਦੂਜੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੀ.ਪੀ. ਨੇ ਕਿਹਾ ਕਿ ਥਾਣਾ ਵੇਰਕਾ ਦੀਆਂ ਪੁਲਿਸ ਟੀਮਾਂ ਨੇ ਗੁਰਮੁਖ ਸਿੰਘ ਅਤੇ ਵਰਿੰਦਰ ਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਹਨਾਂ ਦੇ ਕਬਜ਼ੇ ਚੋਂ 500 ਗ੍ਰਾਮ ਹੈਰੋਇਨ, 15.19 ਲੱਖ ਰੁਪਏ ਦੀ ਡਰੱਗ ਮਨੀ ਅਤੇ ਕੈਮਰੇ ਵਾਲਾ ਇੱਕ ਖਿਡੌਣੇ-ਨੁਮਾ ਡਰੋਨ ਬਰਾਮਦ ਕੀਤਾ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਰੋਟਰੀ ਕਲੱਬ ਦੇ ਸਹਿਯੋਗ ਨਾਲ ਵਿਸ਼ਾਲ ਮੈਰਾਥਨ ਦਾ ਆਯੋਜਨ

ਮੈਰਾਥਨ ਵਿੱਚ 2500 ਤੋਂ ਵੱਧ ਖੇਡ ਪ੍ਰੇਮੀਆਂ ਦੀ ਸ਼ਮੂਲੀਅਤ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਫਲਤਾ ਉਤੇ ਮੋਹਰ ਲਗਾਈ : ਡਾ. ਸੋਨਾ ਥਿੰਦ

ਫਤਹਿਗੜ੍ਹ ਸਾਹਿਬ, 22 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਿੱਥੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਜੋਸ਼ੋ ਖਰੋਸ਼ ਨਾਲ ਜਾਰੀ ਹੈ ਓਥੇ ਹੀ ਅੱਜ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਰੋਟਰੀ ਕਲੱਬ ਸਰਹਿੰਦ ਦੇ ਸਹਿਯੋਗ ਨਾਲ ਲੋਕਾਂ ਨੂੰ ਨਸ਼ਿਆਂ ਖਿਲਾਫ ਇੱਕਜੁਟ ਕਰਨ ਦੇ ਉਦੇਸ਼ ਨਾਲ ਵਿਸ਼ਾਲ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਸ ਮੈਰਾਥਨ ਵਿੱਚ 2500 ਤੋਂ ਵਧੇਰੇ ਖੇਡ ਪ੍ਰੇਮੀਆਂ ਅਤੇ ਕਰੀਬ ਸਾਰੇ ਹੀ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਹਿੱਸਾ ਲੈਂਦੇ ਹੋਏ ਇਸ ਮੈਰਾਥਨ ਨੂੰ ਯਾਦਗਾਰੀ ਬਣਾ ਦਿੱਤਾ।

ਮੈਰਾਥਨ ਨੂੰ ਆਮ ਖਾਸ ਬਾਗ ਸਰਹਿੰਦ ਤੋਂ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਅਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ। ਮੈਰਾਥਨ ਵਿੱਚ ਸ਼ਾਮਲ ਖਿਡਾਰੀਆਂ ਨੇ ਸਰਹਿੰਦ ਸ਼ਹਿਰ ਦੇ ਫੁ

ਸਰਕਾਰੀ ਸਕੂਲਾਂ 'ਚ ਬੱਚਿਆਂ ਦੀਆਂ ਲੱਗੀਆਂ ਮੌਜਾਂ, ਮਿਲਣਗੀਆਂ ਇਹ ਖ਼ਾਸ ਸਹੂਲਤਾਂ

ਏਜੰਸੀਆਂ

ਚੰਡੀਗੜ੍ਹ 22 ਮਈ। ਹਰਿਆਣਾ ਦੇ ਸਰਕਾਰੀ ਸਕੂਲਾਂ 'ਚ ਕਿਚਨ ਗਾਰਡਨ ਦੀ ਤਰਜ਼ 'ਤੇ ਪੋਸ਼ਣ ਬਾਗ ਤਿਆਰ ਕੀਤੇ ਜਾਣਗੇ, ਜਿਸ ਵਿਚ ਬੱਚਿਆਂ ਨੂੰ ਹਰੀਆਂ ਸਬਜ਼ੀਆਂ ਦੇ ਨਾਲ-ਨਾਲ ਫਲਾਂ ਦਾ

ਸੁਆਦ ਵੀ ਮਿਲੇਗਾ। ਜਿਨ੍ਹਾਂ ਸਕੂਲਾਂ ਵਿਚ ਅੱਧਾ ਏਕੜ ਜਾਂ ਇਸ ਤੋਂ ਵੱਧ ਖਾਲੀ ਜ਼ਮੀਨ ਹੈ, ਉੱਥੇ ਚੀਕੂ, ਅਮਰੂਦ, ਅੰਬ, ਪਪੀਤਾ, ਅਨਾਰ, ਅੰਗੂਰ, ਡਰੈਗਨ ਫਰੂਟ, ਨਿੰਮ, ਤੁਲਸੀ ਅਤੇ ਹਰੀਆਂ ਸਬਜ਼ੀਆਂ ਦੇ ਬੂਟੇ ਲਗਾਏ ਜਾਣਗੇ। ਇਕ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਹਰੇਕ ਜ਼ਿਲ੍ਹੇ ਵਿਚ ਇਕ-ਇਕ ਸਕੂਲ ਚੁਣਿਆ ਜਾ ਰਿਹਾ ਹੈ। ਮੁੱਢਲੇ ਸਿੱਖਿਆ ਡਾਇਰੈਕਟਰ ਨੇ ਸਾਰੇ ਜ਼ਿਲ੍ਹਾ ਮੁੱਢਲੀ ਸਿੱਖਿਆ ਅਧਿਕਾਰੀਆਂ ਨੂੰ ਆਪਣੇ ਜ਼ਿਲ੍ਹੇ ਵਿਚ ਇਕ ਸਰਕਾਰੀ ਸਕੂਲ ਚੁਣਨ ਲਈ ਕਿਹਾ ਹੈ, ਜਿੱਥੇ ਅੱਧਾ ਏਕੜ ਜਾਂ ਇਸ ਤੋਂ ਵੱਧ ਜ਼ਮੀਨ ਉਪਲਬਧ ਹੋਵੇ। ਪੋਸ਼ਣ ਬਾਗ ਵਿਚ ਫਲਦਾਰ ਬੂਟੇ ਲਗਾਉਣ ਦੇ ਨਾਲ-ਨਾਲ ਬੱਚਿਆਂ ਨੂੰ ਉਨ੍ਹਾਂ ਦੀ ਦੇਖਭਾਲ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਸ ਨਾਲ ਕੁਦਰਤ ਨਾਲ ਉਨ੍ਹਾਂ ਦੀ ਨੇੜਤਾ ਵਧੇਗੀ, ਫਲਦਾਰ ਬੂਟੇ ਰੁੱਖਾਂ ਵਿਚ ਬਦਲਣ ਤੋਂ ਬਾਅਦ ਵਿਦਿਆਰਥੀਆਂ ਨੂੰ ਮਿਡ-ਡੇਅ ਮੀਲ ਦੇ ਨਾਲ-ਨਾਲ ਫਲ ਵੀ ਉਪਲਬਧ ਕਰਵਾਏ ਜਾ ਸਕਦੇ ਹਨ। ਇਸ ਨਾਲ ਉਨ੍ਹਾਂ ਨੂੰ ਬਿਹਤਰ ਪੋਸ਼ਣ ਪ੍ਰਾਪਤ ਕਰਨ ਵਿਚ ਮਦਦ ਮਿਲੇਗੀ। ਪ੍ਰਦੇਸ਼ ਵਿਚ ਸਕੂਲਾਂ ਦੇ ਉੱਪਰੋਂ ਲੰਘਦੀਆਂ ਹਾਈ ਵੋਲਟੇਜ ਬਿਜਲੀ ਦੀਆਂ ਤਾਰਾਂ ਨੂੰ ਹਟਾਇਆ ਜਾਵੇਗਾ। ਸਿੱਖਿਆ ਡਾਇਰੈਕਟਰ ਨੇ ਫਤਿਹਾਬਾਦ, ਕੈਥਲ, ਕਰਨਾਲ ਅਤੇ ਮਹਿੰਦਰਗੜ੍ਹ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਤੋਂ ਉਨ੍ਹਾਂ ਸਕੂਲਾਂ ਦੀ ਰਿਪੋਰਟ ਮੰਗੀ ਹੈ, ਜਿਨ੍ਹਾਂ ਉੱਪਰ 33 ਕਿਲੋਵਾਟ ਤੋਂ ਵੱਧ ਸਮਰੱਥਾ ਵਾਲੀਆਂ ਤਾਰਾਂ ਲੰਘ ਰਹੀਆਂ ਹਨ। ਇਨ੍ਹਾਂ ਨੂੰ ਹਟਾਉਣ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਬਿਜਲੀ ਨਿਗਮਾਂ ਨੂੰ ਬੇਨਤੀ ਪੱਤਰ ਭੇਜਣਾ ਹੋਵੇਗਾ। ਨਾਲ ਹੀ ਸਿੱਖਿਆ ਡਾਇਰੈਕਟਰ ਨੇ ਇਸ ਗੱਲ 'ਤੇ ਵੀ ਇਤਰਾਜ਼ ਜ਼ਾਹਰ ਕੀਤਾ ਹੈ ਕਿ ਕਈ ਵਾਰ ਰਿਪੋਰਟ ਮੰਗਣ ਦੇ ਬਾਵਜੂਦ ਵੱਖ-ਵੱਖ ਜ਼ਿਲ੍ਹਿਆਂ ਤੋਂ ਸਹੀ ਜਾਣਕਾਰੀ ਹੈੱਡਕੁਆਰਟਰ ਨੂੰ ਨਹੀਂ ਦਿੱਤੀ ਗਈ ਹੈ।

ਨਿਗਮ ਦੇ ਸਸਪੈਂਡ ਐਕਸਈਐਨ ਗੁਰਪ੍ਰੀਤ ਸਿੰਘ ਬੁੱਟਰ ਨੂੰ ਸੁਪਰੀਮ ਕੋਰਟ ਤੋਂ ਵੀ ਨਹੀਂ ਮਿਲੀ ਰਾਹਤ

ਸਰਦੂਲ ਸਿੰਘ

ਬਠਿੰਡਾ 22 ਮਈ। ਨਗਰ-ਨਿਗਮ ਬਠਿੰਡਾ ਦੇ ਸਸਪੈਂਡ ਐਕਸਈਐਨ ਗੁਰਪ੍ਰੀਤ ਸਿੰਘ ਬੁੱਟਰ ਦੀਆਂ ਮੁਸ਼ਕਿਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਆਮਦਨ ਤੋਂ ਵੱਧ ਜਾਇਦਾਦ ਦੇ ਗੰਭੀਰ ਮਾਮਲੇ ਵਿੱਚ ਫਸੇ ਗੁਰਪ੍ਰੀਤ ਸਿੰਘ ਨੂੰ ਹੁਣ ਸੁਪਰੀਮ ਕੋਰਟ ਤੋਂ ਵੀ ਕੋਈ ਰਾਹਤ ਨਹੀਂ ਮਿਲੀ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਨੂੰ ਬਿਨਾਂ ਸੁਣਵਾਈ ਦੇ ਖਾਰਿਜ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਸਥਾਨਕ ਅਦਾਲਤ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਵੀ ਰੱਦ ਹੋ ਚੁੱਕੀ ਸੀ। ਗੁਰਪ੍ਰੀਤ ਸਿੰਘ ਵਿਰੁੱਧ ਫਰਵਰੀ ਮਹੀਨੇ ਵਿੱਚ ਵਿਜੀਲੈਂਸ ਬਿਊਰੋ ਬਠਿੰਡਾ ਵੱਲੋਂ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਸੀ। ਦੋਸ਼ ਹੈ ਕਿ ਉਨ੍ਹਾਂ ਨੇ ਆਪਣੀ ਆਮਦਨ ਤੋਂ ਲਗਭਗ 1.83 ਕਰੋੜ ਰੁਪਏ ਵੱਧ ਜਾਇਦਾਦ ਇਕੱਠੀ ਕੀਤੀ। ਕੇਸ ਦਰਜ ਹੋਣ ਤੋਂ ਤੁਰੰਤ ਬਾਅਦ ਗੁਰਪ੍ਰੀਤ ਸਿੰਘ ਫਰਾਰ ਹੋ ਗਏ ਸਨ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਵਿਜੀਲੈਂਸ ਦੀ ਟੀਮ ਲਗਾਤਾਰ ਛਾਪੇਮਾਰੀ ਕਰ ਰਹੀ ਹੈ ਪਰ ਅਜੇ ਤੱਕ ਉਹ ਕਾਬੂ ਨਹੀਂ ਆ ਸਕੇ। ਡੀ. ਐੱਸ. ਪੀ. ਕੁਲਵੰਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਹੁਣ ਗੁਰਪ੍ਰੀਤ ਸਿੰਘ ਕੋਲ ਵਿਜੀਲੈਂਸ ਅੱਗੇ ਸਰੰਡਰ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਦੂਜੇ ਪਾਸੇ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਨੂੰ ਭਗੌੜਾ ਐਲਾਨ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਅਦਾਲਤ ਤੋਂ ਇਜਾਜ਼ਤ ਮਿਲਣ ਤੋਂ ਬਾਅਦ ਉਨ੍ਹਾਂ ਦੀ ਸੰਪਤੀ ਅਟੈਚ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਯਾਦ ਰਹੇ ਕਿ ਗੁਰਪਰੀਤ ਸਿੰਘ ਵਿਰੁੱਧ 25 ਫਰਵਰੀ ਨੂੰ ਕੇਸ ਦਰਜ ਹੋਇਆ ਸੀ, ਜਿਸ ਵਿੱਚ ਵਿਜੀਲੈਂਸ ਜਾਂਚ ਦੌਰਾਨ ਇਹ ਸਾਫ਼ ਹੋ ਗਿਆ ਸੀ ਕਿ ਉਨ੍ਹਾਂ ਕੋਲ ਕਾਨੂੰਨੀ ਆਮਦਨ ਤੋਂ ਕਈ ਗੁਣਾ ਵੱਧ ਸੰਪਤੀ ਹੈ। ਇਸ ਅਧਾਰ 'ਤੇ ਬਠਿੰਡਾ ਦੀ ਐਡੀਸ਼ਨਲ ਸੈਸ਼ਨ

ਅਦਾਲਤ ਨੇ ਉਨ੍ਹਾਂ ਦੀ ਪਹਿਲੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਬਾਅਦ ਵਿੱਚ ਉਨ੍ਹਾਂ ਨੇ ਹਾਈ ਕੋਰਟ ਰੁਖ ਕੀਤਾ, ਜਿੱਥੋਂ 4 ਅਪ੍ਰੈਲ ਨੂੰ ਜ਼ਮਾਨਤ ਰੱਦ ਹੋ ਗਈ। ਆਖ਼ਿਰ ਵਿੱਚ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ, ਜਿੱਥੋਂ ਵੀ ਨਿਰਾਸ਼ਾ ਹੱਥ ਲੱਗੀ। ਪੰਜਾਬ ਸਰਕਾਰ ਦੇ ਸਥਾਨਕ ਸਰਕਾਰੀ ਵਿਭਾਗ ਵੱਲੋਂ ਗੁਰਪਰੀਤ ਸਿੰਘ ਨੂੰ ਪਹਿਲਾਂ ਹੀ ਡਿਊਟੀ ਤੋਂ ਸਸਪੈਂਡ ਕੀਤਾ ਜਾ ਚੁੱਕਾ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀ ਦੀ ਗ੍ਰਿਫ਼ਤਾਰੀ ਬਹੁਤ ਜ਼ਰੂਰੀ ਹੈ ਤਾਂ ਜੋ ਬੈਂਕ ਖਾਤਿਆਂ, ਚਲ ਅਤੇ ਅਚਲ ਸੰਪਤੀ ਅਤੇ ਪਰਿਵਾਰਕ ਮੈਂਬਰਾਂ ਦੀ ਭੂਮਿਕਾ ਦੀ ਗਹਿਰੀ ਜਾਂਚ ਕੀਤੀ ਜਾ ਸਕੇ। ਗੁਰਪ੍ਰੀਤ ਸਿੰਘ ਬੁੱਟਰ ਦੀ ਜ਼ਮਾਨਤ ਲਈ ਕੀਤੀ ਹਰ ਕਾਨੂੰਨੀ ਕੋਸ਼ਿਸ਼ ਨਾਕਾਮ ਹੋ ਚੁੱਕੀ ਹੈ। ਹੁਣ ਉਨ੍ਹਾਂ ਕੋਲ ਵਿਜੀਲੈਂਸ ਅੱਗੇ ਸਰੈਂਡਰ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ। ਵਿਜੀਲੈਂਸ ਦੀ ਨਜ਼ਰ ਹੁਣ ਉਨ੍ਹਾਂ ਦੀ ਸੰਪਤੀ ਜ਼ਬਤ ਕਰਨ ਉੱਤੇ ਹੈ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਵਿਰੁੱਧ ਹੋਰ ਵੱਡੀ ਕਾਰਵਾਈ ਹੋ ਸਕਦੀ ਹੈ।

ਪੰਜ ਪਿਆਰਿਆਂ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਤਨਖਾਹੀਆ ਐਲਾਨਿਆ

ਪਟਨਾ ਸਾਹਿਬ/ਅੰਮ੍ਰਿਤਸਰ 22 ਮਈ। ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਤਨਖਾਹੀਆ ਐਲਾਨ ਦਿੱਤਾ ਹੈ। ਪੰਜ ਪਿਆਰਿਆਂ ਨੇ ਹੁਕਮਨਾਮਾ ਜਾਰੀ ਕਰਦਿਆਂ 10 ਦਿਨਾਂ ਦੇ ਅੰਦਰ-ਅੰਦਰ ਸ੍ਰੀ ਪਟਨਾ ਸਾਹਿਬ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਆਖਿਆ ਹੈ। ਜਾਰੀ ਹੁਕਮਨਾਮੇ ਵਿਚ ਆਖਿਆ ਗਿਆ ਹੈ ਕਿ ਜੇਥਦਾਰ ਨੂੰ ਸਿਆਸੀਘਟਨਾਕ੍ਰਮ ਦੇ ਚੱਲਦੇ ਥਾਪਿਆ ਗਿਆ ਹੈ, ਜੋ ਕਿ ਨਿਯਮਾਂ ਦੇ ਉਲਟ ਹੈ। ਹੁਕਮਨਾਮੇ ਵਿਚ ਇਹ ਵੀ ਆਖਿਆ ਗਿਆ ਹੈ ਕਿ ਆਪੋ-ਥਾਪੀ ਜਥੇਦਾਰ ਨੂੰ ਪੰਥ ਨੇ ਨਕਾਰ ਦਿੱਤਾ ਹੈ।

ਲਾਰੈਂਸ ਬਿਸ਼ਨੋਈ ਦੇ ਨਾਂ 'ਤੇ ਫਿਰੌਤੀਆਂ ਮੰਗਣ ਵਾਲੇ ਗਿਰੋਹ ਦੇ 3 ਮੈਂਬਰ ਕਾਬੂ

ਫ਼ਰੀਦਕੋਟ 22 ਮਈ। ਫ਼ਰੀਦਕੋਟ ਪੁਲਸ ਵੱਲੋਂ ਇਕ ਗਿਰੋਹ ਦੇ ਤਿੰਨ ਅਜਿਹੇ ਮੈਂਬਰਾਂ ਨੂੰ ਕਾਬੂ ਕੀਤਾ ਹੈ ਜੋ ਲਾਰੈਂਸ ਬਿਸ਼ਨੋਈ ਦੇ ਨਾਮ ਦਾ ਡਰਾਵਾ ਕੇ ਫਿਰੌਤੀਆਂ ਮੰਗਦੇ ਆ ਰਹੇ ਸਨ। ਇਹ ਜਾਣਕਾਰੀ ਜ਼ਿਲ੍ਹੇ ਦੇ ਸੀਨੀਅਰ ਪੁਲਸ ਕਪਤਾਨ ਡਾ. ਪ੍ਰਗਿਆ ਜੈਨ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਜ਼ਿਲ੍ਹਾ ਪੁਲਸ ਵੱਲੋਂ ਇਸ ਗਿਰੋਹ ਨੂੰ ਮਹਿਜ਼ ਤਿੰਨ ਘੰਟਿਆਂ ਦੇ ਅੰਦਰ-ਅੰਦਰ ਕਾਬੂ ਕੀਤਾ ਹੈ। ਇਸ ਮੌਕੇ ਮਨਵਿੰਦਰ ਸਿੰਘ ਐੱਸ.ਪੀ, ਅਮਰਿੰਦਰ ਸਿੰਘ ਇੰਸਪੈਕਟਰ ਸੀ. ਆਈ. ਏ. ਸਟਾਫ ਫ਼ਰੀਦਕੋਟ, ਗੁਰਲਾਲ ਸਿੰਘ ਸੀ.ਆਈ.ਏ ਮੁਖੀ ਜੈਤੋ ਵੀ ਹਾਜ਼ਰ ਸਨ। ਐੱਸ.ਐੱਸ.ਪੀ ਦੱਸਿਆ ਕਿ ਇੱਥੋਂ ਦੇ ਆਦਰਸ਼ ਨਗਰ ਨਿਵਾਸੀ ਨੰਦ ਕਿਸ਼ੋਰ ਨੇ ਸੂਚਨਾ ਦਿੱਤੀ ਕਿ ਉਸਦੇ ਬੇਟੇ ਲਲਿਤ ਸਿੰਗਲਾ ਨੂੰ ਕਰੀਬ ਇਕ ਮਹੀਨੇ ਤੋਂ ਵੱਖ-ਵੱਖ ਮੋਬਾਇਲ ਨੰਬਰਾਂ ਤੋਂ ਫਿਰੌਤੀ ਮੰਗਣ ਦੀ ਕਾਲਾਂ ਆ ਰਹੀਆਂ ਹਨ ਜਿਨ੍ਹਾਂ ਨੂੰ ਉਹ ਪਹਿਲਾਂ ਤਾਂ ਫਰਜ਼ੀ ਸਮਝ ਕੇ ਟਾਲਦੇ ਰਹੇ ਪ੍ਰੰਤੂ ਬੀਤੀ 16 ਮਈ ਦੀ ਰਾਤ ਨੂੰ 10 ਲੱਖ ਰੁਪਏ ਦੀ ਫਿਰੌਤੀ ਮੰਗਣ ਬਾਰੇ ਫਿਰ ਕਾਲ ਆਈ ਅਤੇ ਕਾਲ ਕਰਨ ਵਾਲੇ ਨੇ

ਫਿਰੌਤੀ ਨਾ ਦੇਣ ਦੀ ਸੂਰਤ ਵਿਚ ਪਰਿਵਾਰਕ ਮੈਂਬਰਾਂ ਦਾ ਨੁਕਸਾਨ ਕਰ ਦੇਣ ਦੀ ਧਮਕੀ ਦਿੱਤੀ। ਐੱਸ.ਐੱਸ.ਪੀ. ਨੇ ਦੱਸਿਆ ਕਿ ਪੁਲਸ ਵੱਲੋਂ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਪਹਿਲਾਂ ਟੈਕਨੀਕਲੀ ਜਾਂਚ ਕੀਤੀ ਅਤੇ ਇਸ ਉਪ੍ਰੰਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਤਿੰਨ ਪੁਲਸ ਟੀਮਾਂ ਦਾ ਗਠਿਨ ਕਰਕੇ ਦੋਸ਼ੀ ਕੇਸ਼ਵ ਪੁੱਤਰ ਕਰਮ ਚੰਦ ਅਤੇ ਸੰਦੀਪ ਕੁਮਾਰ ਵਾਸੀ ਜੈਤੋ ਅਤੇ ਤੀਸਰੇ ਨਾਬਾਲਗ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉੱਚ ਅਧਿਕਾਰੀ ਡਾ. ਜੈਨ ਨੇ ਹੋਰ ਦੱਸਿਆ ਕਿ ਮੁੱਢਲੀ ਤਫਤੀਸ਼ ਦੌਰਾਨ ਇਹ ਤੱਥ ਸਾਹਮਣੇ ਆਏ ਕਿ ਇਨ੍ਹਾਂ ਵੱਲੋਂ ਇਕ ਮੋਬਾਇਲ ਬਠਿੰਡਾ ਵਿਖੇ ਕਿਸੇ ਨੌਜਵਾਨ ਦਾ ਖੋਹਿਆ ਸੀ ਅਤੇ ਬਾਅਦ ਵਿਚ ਇਨ੍ਹਾਂ ਉਸ ਦੀ ਵਰਤੋਂ ਫਿਰੌਤੀਆਂ ਮੰਗਣ ਲਈ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਦੋਸ਼ੀ ਰੇਹੜੀਆਂ 'ਤੇ ਢੋਆ-ਢੁਆਈ ਕਰਨ ਦਾ ਕੰਮ ਕਰਦੇ ਹਨ ਅਤੇ ਇਹ ਦੁਕਾਨਾਂ ਦੇ ਬਾਹਰ ਲੱਗੇ ਫਲੈਕਸ ਬੋਰਡਾਂ ਤੋਂ ਮੋਬਾਇਲ ਨੰਬਰ ਲੈ ਕੇ ਫੋਨ ਕਰਕੇ ਫਿਰੌਤੀ ਦੀ ਮੰਗ ਕਰਨ ਲੱਗ ਪੈਂਦੇ ਸਨ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਹੋਰ ਪੁੱਛ ਗਿੱਛ ਜਾਰੀ ਹੈ।

ਬੰਬ ਦੀ ਧਮਕੀ ਬਾਰੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਾ ਵੱਡਾ ਬਿਆਨ

ਲੁਧਿਆਣਾ 22 ਮਈ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ, ਜਿਸ ਮਗਰੋਂ ਪੁਲਸ ਵੱਲੋਂ ਬੜੀ ਗੰਭੀਰਤਾ ਨਾਲ ਉੱਥੇ ਚੈਕਿੰਗ ਕੀਤੀ ਜਾ ਰਹੀ ਹੈ। ਇਸ ਬਾਰੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਵੀ ਪ੍ਰੈੱਸ ਕਾਨਫ਼ਰੰਸ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਨੇ ਇਸ ਧਮਕੀ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਅੱਜ ਸਵੇਰੇ ਪੌਣੇ 9 ਵਜੇ ਦੇ ਕਰੀਬ ਇਕ ਆਈ ਸੀ, ਜਿਸ ਵਿਚ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਬਾਰੇ ਤੁਰੰਤ ਹੀ ਪੁਲਸ ਨੂੰ ਇਤਲਾਹ ਦੇ ਦਿੱਤੀ ਗਈ, ਜਿਸ ਮਗਰੋਂ ਪੁਲਸ ਫ਼ੋਰਸ ਵੱਲੋਂ ਸਕੱਤਰੇਤ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫ਼?ਲਹਾਲ ਚੈਕਿੰਗ ਦੌਰਾਨ ਕੋਈ ਸ਼ੱਕੀ ਚੀਜ਼ ਨਹੀਂ ਮਿਲੀ। ਪੁਲਸ ਵੱਲੋਂ ਹਰ ਥਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਸਾਈਬਰ ਥ੍ਰਾਂਚ ਨੂੰ ਵੀ ਦੱਸਿਆ ਗਿਆ ਹੈ, ਤਾਂ ਜੋ ਉਕਤ ਨੂੰ ਟ?ਰੇਸ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਫ਼?ਲਹਾਲ ਮਾਮਲੇ ਦੀ ਤਫ਼ਤੀਸ਼ ਚੱਲ ਰਹੀ ਹੈ, ਇਸ ਲਈ ਉਹ ਇਸ ਬਾਰੇ ਜ਼ਿਆਦਾ ਵੇਰਵੇ ਨਹੀਂ ਦੇ ਸਕਦੇ।

'ਭਾਰਤ ਇਲੈਕਟ੍ਰਿਕ ਤਿੰਨ ਪਹੀਆ ਵਾਹਨਾਂ ਦਾ ਸਭ ਤੋਂ ਵੱਡਾ ਬਾਜ਼ਾਰ'

ਕਿਸ਼ਨ ਪਾਲ

ਨਵੀਂ ਦਿੱਲੀ 22 ਮਈ। ਭਾਰਤ ਲਗਾਤਾਰ ਦੂਜੇ ਸਾਲ ਇਲੈਕਟ੍ਰਿਕ ਤਿੰਨ ਪਹੀਆ ਵਾਹਨਾਂ ਲਈ ਦੁਨੀਆ ਦਾ ਸਭ ਤੋਂ ਵੱਡਾ ਬਾਜ਼ਾਰ ਬਣਿਆ ਹੋਇਆ ਹੈ। ਪਿਛਲੇ ਸਾਲ ਭਾਰਤ 'ਚ ਇਲੈਕਟ੍ਰਿਕ ਤਿੰਨ ਪਹੀਆ ਵਾਹਨਾਂ ਦੀ ਵਿਕਰੀ ਲਗਭਗ 20 ਫ਼ੀਸਦੀ ਵਧ ਕੇ ਲਗਭਗ 7 ਲੱਖ ਯੂਨਿਟ ਹੋ ਗਈ। ਇਹ ਜਾਣਕਾਰੀ ਕੌਮਾਂਤਰੀ ਊਰਜਾ ਏਜੰਸੀ (951) ਦੀ ਇਕ ਰਿਪੋਰਟ 'ਚ ਦਿੱਤੀ ਗਈ ਹੈ। ਪੈਰਿਸ ਸਥਿਤ ਊਰਜਾ ਰੈਗੂਲੇਟਰ ਨੇ ਆਪਣੇ 'ਗਲੋਬਲ 5ਹ ਆਉਟਲੁੱਕ-2025' ਵਿਚ ਕਿਹਾ ਹੈ ਕਿ ਭਾਰਤ ਗਲੋਬਲ ਇਲੈਕਟ੍ਰਿਕ ਤਿੰਨ ਪਹੀਆ ਵਾਹਨ ਬਾਜ਼ਾਰ ਵਿਚ ਸਭ ਤੋਂ ਅੱਗੇ ਵੱਧ ਰਿਹਾ ਹੈ। ਵੈਸ਼ਵਿਕ ਤਿੰਨ ਪਹੀਆ ਵਾਹਨ ਬਾਜ਼ਾਰ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ 5 ਫ਼ੀਸਦੀ ਦੀ ਗਿਰਾਵਟ ਦੇ ਬਾਵਜੂਦ ਇਲੈਕਟ੍ਰਿਕ ਤਿੰਨ ਪਹੀਆ ਵਾਹਨ ਦੀ ਵਿਕਰੀ 2024 ਵਿਚ 10 ਫ਼ੀਸਦੀ ਤੋਂ ਵੱਧ ਕੇ 10 ਲੱਖ ਵਾਹਨ ਨੂੰ ਪਾਰ ਕਰ ਗਈ। ਇਲੈਕਟ੍ਰਿਕ ਤਿੰਨ ਪਹੀਆ ਵਾਹਨਾਂ ਦੀ ਵਿਕਰੀ ਸਾਰੇ ਤਿੰਨ ਪਹੀਆ ਵਾਹਨਾਂ ਦੀ ਲੱਗਭਗ ਇਕ-ਚੌਥਾਈ ਹੈ, ਜੋ 2023 ਵਿਚ 20

ਫ਼ੀਸਦੀ ਤੋਂ ਵੱਧ ਸੀ। ਇਹ ਬਾਜ਼ਾਰ ਬਹੁਤ ਜ਼ਿਆਦਾ ਕੇਂਦਰਿਤ ਹੈ, ਜਿਸ ਵਿਚ ਚੀਨ ਅਤੇ ਭਾਰਤ ਮਿਲ ਕੇ ਇਲੈਕਟ੍ਰਿਕ ਅਤੇ ਰਵਾਇਤੀ ਤਿੰਨ-ਪਹੀਆ ਵਾਹਨਾਂ ਦੀ ਕੁੱਲ ਵਿਕਰੀ ਦਾ 90 ਫ਼ੀਸਦੀ ਤੋਂ ਵੱਧ ਹਿੱਸੇਦਾਰੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਤਿੰਨ ਸਾਲਾਂ ਵਿਚ ਚੀਨ ਵਿਚ ਤਿੰਨ ਪਹੀਆ ਵਾਹਨਾਂ ਦਾ ਬਿਜਲੀਕਰਨ 15 ਫ਼ੀਸਦੀ ਤੋਂ ਵੀ ਘੱਟ 'ਤੇ ਸਥਿਰ ਰਿਹਾ ਹੈ। 2023 'ਚ ਭਾਰਤ ਇਲੈਕਟ੍ਰਿਕ ਤਿੰਨ ਪਹੀਆ ਵਾਹਨ ਲਈ ਦੁਨੀਆ ਦਾ ਸਭ ਤੋਂ ਵੱਡਾ ਬਾਜ਼ਾਰ ਬਣਨ ਲਈ ਚੀਨ ਤੋਂ ਅੱਗੇ ਨਿਕਲ ਗਿਆ ਅਤੇ 2024 ਵਿਚ ਇਹ ਸਥਿਤੀ ਬਣੀ ਰਹੀ, ਜ